ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Excellence in Agri Info
KHETI DUNIYAN, PATIALA
Rs.10/-
www.khetiduniyan.in
Postage Regd. No. PB/PTA/0338/2025-2027
Editor : Jagpreet Singh • RNI/PUNPUN00806 • Issue Dated 13-09-2025 • Vol.43 No.37 • M. 90410-14575 • Page 16
E-mail : khetiduniyan1983@gmail.com

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

# ਕਿਸਾਨ ਮੇਲੇ



| ਮਿਤੀ | ਸਥਾਨ |
|---|---|
| 18 ਸਤੰਬਰ | ਫਰੀਦਕੋਟ |
| 20 ਸਤੰਬਰ | ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) |
| 30 ਸਤੰਬਰ | ਬਠਿੰਡਾ |
| 1 ਅਕਤੂਬਰ | ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) |

## ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 26 ਤੇ 27 ਸਤੰਬਰ ਨੂੰ ਖੇਤੀ ਦੁਨੀਆਂ ਦੇ ਸਟਾਲ ਨੰ.21 'ਤੇ ਪਧਾਰੋ।

## ਰੌਣੀ (ਪਟਿਆਲਾ) ਅਤੇ ਗੁਰਦਾਸਪੁਰ ਵਿਖੇ ਲੱਗਣ ਵਾਲੇ ਕਿਸਾਨ ਮੇਲੇ ਰੱਦ

ਪਿਛਲੇ ਦਿਨੀਂ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਸਥਿਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਪੀ.ਏ.ਯੂ. ਵੱਲੋਂ ਰੌਣੀ (ਪਟਿਆਲਾ) ਅਤੇ ਗੁਰਦਾਸਪੁਰ ਵਿਖੇ ਲੱਗਣ ਵਾਲੇ ਕਿਸਾਨ ਮੇਲੇ ਰੱਦ ਕੀਤੇ ਗਏ ਹਨ, ਜੋ ਕਿ ਕ੍ਰਮਵਾਰ 16 ਸਤੰਬਰ ਅਤੇ 24 ਸਤੰਬਰ ਨੂੰ ਲੱਗਣੇ ਸਨ। ਨਵੀਆਂ ਮਿਤੀਆਂ ਸੰਬੰਧੀ ਅਜੇ ਕੋਈ ਸੂਚਨਾ ਨਹੀਂ ਹੈ।

# ਉੱਤਰ ਭਾਰਤ ਵਿੱਚ ਕਪਾਹ ਦੀ ਫ਼ਸਲ ਨੂੰ ਮੀਂਹ ਨਾਲ ਨੁਕਸਾਨ, 25-30 ਲੱਖ ਗੰਢਾਂ ਕਪਾਹ ਉਤਪਾਦਨ ਦਾ ਅੰਦਾਜ਼ਾ

ਇੰਡੀਅਨ ਕਾਟਨ ਐਸੋਸੀਏਸ਼ਨ ਲਿਮਟਿਡ ਦੀ ਇੱਕ ਬੈਠਕ ਬਠਿੰਡਾ ਵਿੱਚ ਹੋਈ, ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਸਮੇਤ ਉੱਤਰੀ ਖੇਤਰ ਵਿੱਚ ਕਪਾਹ ਦੀ ਫ਼ਸਲ ਦੀ ਸਥਿਤੀ 'ਤੇ ਚਰਚਾ ਕਰਨ ਲਈ ਐਸੋਸੀਏਸ਼ਨ ਦੇ ਬੋਰਡ ਦੀ ਬੈਠਕ ਹੋਈ। ਬੈਠਕ ਵਿੱਚ ਪ੍ਰਧਾਨ ਮਕੁਲ ਤਾਇਲ, ਉਪ-ਪ੍ਰਧਾਨ ਅਸ਼ਿਵਨੀ ਝਾਂਬ ਅਤੇ ਖਜ਼ਾਨਚੀ ਪਵਨ ਨਾਗੋਰੀ ਸਮੇਤ 10 ਹੋਰ ਬੋਰਡ ਮੈਂਬਰ ਮੌਜੂਦ ਸਨ।

ਚਰਚਾ ਵਿੱਚ ਪਿਛਲੇ ਸਾਲ ਦੀ ਫ਼ਸਲ ਦੀ ਆਮਦ, ਚਾਲੂ ਸਾਉਣੀ ਵਿੱਚ ਬੀਜਾਈ ਦੇ ਰੁਝੇਵਿਆਂ ਅਤੇ ਹਾਲ ਹੀ ਵਿੱਚ ਪਏ ਮੀਂਹ ਦੇ ਪ੍ਰਭਾਵ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਬੈਠਕ ਵਿੱਚ ਪਿਛਲੇ ਸਾਲ 2024-25 ਸੀਜ਼ਨ ਲਈ ਆਖਰੀ ਕਪਾਹ ਦੀ ਆਮਦ (ਚੱਲਦੀਆਂ ਗੰਢਾਂ ਵਿੱਚ) ਪੰਜਾਬ ਵਿੱਚ 1,51,676 ਗੰਢਾਂ, ਹਰਿਆਣਾ ਵਿੱਚ 7,67,532 ਗੰਢਾਂ, ਉਪਰੀ ਰਾਜਸਥਾਨ (ਗੰਗਾਨਗਰ ਸਰਕਲ) ਵਿੱਚ 10,35,342 ਗੰਢਾਂ ਅਤੇ ਹੇਠਲੇ ਰਾਜਸਥਾਨ ਵਿੱਚ 8,89,900 ਗੰਢਾਂ ਦਰਜ ਕੀਤੀਆਂ ਗਈਆਂ।

ਬੈਠਕ ਵਿੱਚ ਚਾਲੂ ਸੀਜ਼ਨ 2025-26 ਬੀਜਾਈ ਦੇ ਰੁਝੇਵਿਆਂ ਅਤੇ ਮੌਸਮ 'ਤੇ ਚਿੰਤਾ ਪ੍ਰਗਟ ਕੀਤੀ ਗਈ। ਇਸ ਸਾਲ ਦੀ ਬੀਜਾਈ ਦੇ ਅੰਕੜੇ ਖੇਤਰ ਵਿੱਚ ਵੱਖ-ਵੱਖ ਰੁਝੇਵੇਂ ਦਰਸਾਉਂਦੇ ਹਨ। ਪੰਜਾਬ ਵਿੱਚ ਬੀਜਾਈ ਖੇਤਰ ਵਿੱਚ ਕਾਫੀ ਵਿਸਥਾਰ ਹੋਇਆ ਹੈ, ਜੋ 97,000 ਹੈਕਟੇਅਰ ਤੋਂ ਵੱਧ ਕੇ ਲਗਭਗ 1,19,000 ਹੈਕਟੇਅਰ ਹੋ ਗਿਆ ਹੈ।



ਹਾਲਾਂਕਿ, ਫਾਜ਼ਿਲਕਾ, ਮੁਕਤਸਰ, ਅਬੋਹਰ ਅਤੇ ਮਾਨਸਾ ਵਰਗੇ ਜ਼ਿਲ੍ਹਿਆਂ ਵਿੱਚ ਹਾਲ ਦੀ ਮੀਂਹ ਨਾਲ ਕਪਾਹ ਦੀ ਫ਼ਸਲ ਨੂੰ 10-15 ਫੀਸਦੀ ਦਾ ਨੁਕਸਾਨ ਹੋਣ ਦਾ ਖਦਸ਼ਾ ਹੈ।

ਹਰਿਆਣਾ ਵਿੱਚ ਬੀਜਾਈ ਖੇਤਰ ਵਿੱਚ 21 ਫੀਸਦੀ ਦੀ ਕਮੀ ਆਈ ਹੈ, ਜੋ 4,95,000 ਹੈਕਟੇਅਰ ਤੋਂ ਘੱਟ ਕੇ 3,91,500 ਹੈਕਟੇਅਰ ਹੋ ਗਿਆ ਹੈ। ਇਸ ਕਮੀ ਦੇ ਨਾਲ-ਨਾਲ ਹਾਲ ਦੇ ਭਾਰੀ ਮੀਂਹ ਅਤੇ ਹੇਠਲੇ ਦਬਾਅ ਦੇ ਮੌਸਮ ਦੇ ਪ੍ਰਭਾਵ ਨਾਲ ਖੜ੍ਹੀ ਫ਼ਸਲ ਵਿੱਚ 15-20 ਫੀਸਦੀ ਦੀ ਕਮੀ ਆਉਣ ਦਾ ਖਦਸ਼ਾ ਹੈ।

ਹਰਿਆਣੇ ਦੇ ਕਈ ਜ਼ਿਲ੍ਹਿਆਂ ਵਿੱਚ ਮੀਂਹ ਨਾਲ ਸਬੰਧਤ ਨੁਕਸਾਨ ਵੇਖਿਆ ਗਿਆ ਹੈ, ਜਿਨ੍ਹਾਂ ਵਿੱਚ ਡਬਵਾਲੀ, ਕਾਲਾਂਵਾਲੀ, ਐਲਨਾਬਾਦ, ਆਦਮਪੁਰ ਅਤੇ ਸਿਰਸਾ ਵਿੱਚ 10-15 ਫੀਸਦੀ ਫ਼ਸਲ ਨੂੰ ਨੁਕਸਾਨ ਹੋਇਆ ਹੈ।

ਰਾਜਸਥਾਨ ਵਿੱਚ ਵੀ ਕਪਾਹ ਦੇ ਬੀਜਾਈ ਖੇਤਰ ਵਿੱਚ ਵਾਧਾ ਵੇਖਿਆ ਗਿਆ ਹੈ ਅਤੇ ਮੌਜੂਦਾ ਸਮੇਂ ਵਿੱਚ 6,28,000 ਹੈਕਟੇਅਰ ਖੇਤਰ ਵਿੱਚ ਕਪਾਹ ਦੀ ਖੇਤੀ ਹੈ (ਜੁਲਾਈ ਆਖਿਰ ਤੱਕ) ਉਪਰੀ ਰਾਜਸਥਾਨ ਵਿੱਚ ਵਿਸ਼ੇਸ਼ ਤੌਰ 'ਤੇ ਹਨੂਮਾਨਗੜ੍ਹ, ਰਾਵਤਸਰ, ਸੰਗਰੀਆ ਅਤੇ ਗੰਗਾਨਗਰ ਖੇਤਰਾਂ ਵਿੱਚ ਨੁਕਸਾਨ 7-8 ਫੀਸਦੀ ਅੰਦਾਜ਼ਨ ਹੈ। ਉਥੇ ਹੀ, ਹੇਠਲੇ ਰਾਜਸਥਾਨ ਵਿੱਚ ਮੀਂਹ ਨਾਲ ਹੋਣ ਵਾਲੇ ਨੁਕਸਾਨ ਮੇੜਤਾ (15-20 ਫੀਸਦੀ), ਅਲਵਰ-ਖੈਰਬਲ (5-10 ਫੀਸਦੀ) ਅਤੇ ਮੇਵਾੜ (10-15 ਫੀਸਦੀ) ਖੇਤਰਾਂ ਵਿੱਚ ਜ਼ਿਆਦਾ ਗੰਭੀਰ ਹਨ।

**ਅੰਦਾਜ਼ਨ ਉਤਪਾਦਨ ਅਤੇ ਅੰਦਾਜ਼ਾ**

ਬੋਰਡ ਦੇ ਵਿਸ਼ਲੇਸ਼ਣ ਨਾਲ ਸ਼ੁਰੂਆਤ ਦੇ ਅੰਦਾਜ਼ੇ ਅਨੁਸਾਰ ਪੂਰੇ ਉੱਤਰ ਖੇਤਰ ਲਈ ਕੁੱਲ ਅੰਦਾਜ਼ਨ ਫ਼ਸਲ 30 ਲੱਖ ਗੰਢਾਂ ਹੈ। ਇਹ ਅੰਦਾਜ਼ਾ ਇਸ ਤਰ੍ਹਾਂ ਹੈ, ਜਿਸ ਵਿੱਚ ਹਰਿਆਣਾ ਸੂਬੇ ਵਿੱਚ 6 ਲੱਖ ਗੰਢਾਂ, ਪੰਜਾਬ ਵਿੱਚ 2 ਲੱਖ ਗੰਢਾਂ, ਉਪਰੀ ਰਾਜਸਥਾਨ ਵਿੱਚ 12 ਲੱਖ ਗੰਢਾਂ ਅਤੇ ਹੇਠਲੇ ਰਾਜਸਥਾਨ ਵਿੱਚ 10 ਲੱਖ ਗੰਢਾਂ ਕਪਾਹ ਉਤਪਾਦਨ ਦਾ ਅੰਦਾਜ਼ਾ ਹੈ। ਹਾਲਾਂਕਿ ਬੋਰਡ ਦੇ ਮੈਂਬਰਾਂ ਨੇ ਸਾਵਧਾਨੀ ਵਰਤਦੇ ਹੋਏ ਕਿਹਾ ਕਿ ਇਹ ਅੰਕੜਾ ਇੱਕ ਆਪਟੀਮਿਸਟ ਅੰਦਾਜ਼ਾ ਹੈ। ਆਖਰੀ ਉਤਪਾਦਨ ਘੱਟ ਹੋ ਸਕਦਾ ਹੈ, ਜੋ ਸੰਭਾਵੀ ਰੂਪ ਨਾਲ 25 ਤੋਂ 30 ਲੱਖ ਗੰਢਾਂ ਦੇ ਵਿਚਕਾਰ ਰਹਿ ਸਕਦਾ ਹੈ। ਇਸ ਗੱਲ 'ਤੇ ਆਮ ਸਹਿਮਤੀ ਹੈ ਕਿ ਪਿਛਲੇ ਸਾਲ ਦੀ ਤੁਲਨਾ ਵਿੱਚ ਫ਼ਸਲ ਦੀ ਸਥਿਤੀ ਖਰਾਬ ਹੋਈ ਹੈ, ਜਿਸ ਦਾ ਮੁੱਖ ਕਾਰਨ ਉਲਟ ਮੌਸਮੀ ਹਾਲਾਤ ਹਨ। ਐਸੋਸੀਏਸ਼ਨ ਆਪਣੇ ਮੈਂਬਰਾਂ ਨੂੰ ਸਹੀ ਅਤੇ ਸਮੇਂ 'ਤੇ ਅਪਡੇਟ ਪ੍ਰਦਾਨ ਕਰਨ ਲਈ ਸਥਿਤੀ ਦੀ ਲਗਾਤਾਰ ਨਿਗਰਾਨੀ ਕਰਨ ਲਈ ਵਚਨਬੱਧ ਹੈ।

## ਹੜ੍ਹਾਂ ਦੇ ਜਖਮ





ਕਪੂਰਥਲਾ ਵਿਖੇ ਹੜ੍ਹਾਂ ਦਾ ਪਾਣੀ ਉਤਰਨ ਤੋਂ ਬਾਅਦ ਖਰਾਬ ਹੋਈ ਫ਼ਸਲ ਨੂੰ ਦੇਖਦੇ ਹੋਏ ਕਿਸਾਨ।

# ਪੰਜਾਬ ਵਿੱਚ ਆਏ ਹੜ੍ਹਾਂ ਦਾ ਲੇਖਾ-ਜੋਖਾ



ਤਰਲੋਚਨ ਸਿੰਘ ਭੱਟੀ
ਮੋ. 98765-02607

**ਹੜ੍ਹਾਂ ਕਾਰਨ ਪੰਜਾਬ ਵਿੱਚ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ । ਪੌਂਗ, ਭਾਖੜਾ ਅਤੇ ਰਣਜੀਤ ਸਾਗਰ ਡੈਮਾਂ ਵਿੱਚੋਂ ਪਾਣੀ ਛੱਡਣ ਕਾਰਨ ਸਥਿਤੀ ਬਦ ਤੋਂ ਬਦਤਰ ਬਣਦੀ ਜਾ ਰਹੀ ਹੈ ।**

ਹਾਲੀਆ ਸਾਲਾਂ ਵਿੱਚ ਪੰਜਾਬ ਨੇ ਕਈ ਵਾਰ ਗੰਭੀਰ ਹੜ੍ਹਾਂ ਦਾ ਸਾਹਮਣਾ ਕੀਤਾ ਹੈ, ਖ਼ਾਸ ਤੌਰ 'ਤੇ 2023 ਅਤੇ 2025 ਵਿੱਚ । ਬਿਆਸ, ਸਤਲੁਜ ਤੇ ਰਾਵੀ ਦਰਿਆਵਾਂ ਵਿੱਚ ਪਾਣੀ ਵਧਣ ਨਾਲ ਅਤੇ ਭਾਰੀ ਮੀਂਹ ਪੈਣ ਕਾਰਨ ਸਰਹੱਦੀ ਇਲਾਕਿਆਂ ਅਤੇ ਹੋਰ ਜ਼ਿਲ੍ਹਿਆਂ ਵਿੱਚ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ । ਪੌਂਗ, ਭਾਖੜਾ ਅਤੇ ਰਣਜੀਤ ਸਾਗਰ ਡੈਮਾਂ ਵਿੱਚੋਂ ਪਾਣੀ ਛੱਡਣ ਕਾਰਨ ਸਥਿਤੀ ਹੋਰ ਗੰਭੀਰ ਹੋ ਗਈ ਹੈ ।

ਹੜ੍ਹਾਂ ਕਾਰਨ ਸਕੂਲ ਬੰਦ ਹੋਏ, ਪਿੰਡਾਂ ਦੇ ਲੋਕਾਂ ਵਿੱਚ ਸਹਿਮ ਪੈਦਾ ਹੋਇਆ ਅਤੇ ਸਥਾਨਕ ਲੋਕਾਂ ਨੇ ਪ੍ਰਸ਼ਾਸਨ ਖ਼ਿਲਾਫ਼ ਰੋਸ ਵੀ ਜਤਾਇਆ । ਪੰਜਾਬ ਪੰਜ ਦਰਿਆਵਾਂ ਦੀ ਧਰਤੀ (ਸਤਲੁਜ, ਬਿਆਸ, ਰਾਵੀ, ਚਿਨਾਬ ਅਤੇ ਜੇਹਲਮ) ਦੇ ਰੂਪ ਵਿੱਚ ਜਾਣਿਆ ਜਾਂਦਾ ਹੈ । ਇਸ ਦੀ ਭੂਗੋਲਿਕ ਸਥਿਤੀ ਅਤੇ ਮੌਸਮੀ ਪੈਟਰਨ ਕਾਰਨ ਇੱਥੇ ਹੜ੍ਹਾਂ ਦਾ ਲੰਬਾ ਇਤਿਹਾਸ ਰਿਹਾ ਹੈ ।

ਪੰਜਾਬ ਵਿੱਚ ਹੜ੍ਹਾਂ ਦੀਆਂ ਘਟਨਾਵਾਂ ਮੁੱਖ ਤੌਰ 'ਤੇ ਮੌਨਸੂਨ ਦੀ ਭਾਰੀ ਵਰਖਾ, ਦਰਿਆਵਾਂ ਵਿੱਚ ਉਫਾਨ ਅਤੇ ਡੈਮਾਂ ਤੋਂ ਪਾਣੀ ਛੱਡਣ ਕਾਰਨ ਵਾਪਰਦੀਆਂ ਹਨ । ਪੰਜਾਬ ਵਿੱਚ ਜੁਲਾਈ ਤੋਂ ਸਤੰਬਰ ਦੌਰਾਨ ਮੌਨਸੂਨ ਦੀ ਭਾਰੀ ਵਰਖਾ ਹੜ੍ਹਾਂ ਦਾ ਮੁੱਖ ਕਾਰਨ ਹੈ ਜਿਸ ਕਾਰਨ ਦਰਿਆਵਾਂ ਵਿੱਚ ਪਾਣੀ ਬਹੁਤ ਵੱਧ ਜਾਂਦਾ ਹੈ ਤੇ ਇਸ ਕਾਰਨ ਸਰਹੱਦੀ ਅਤੇ ਪੇਂਡੂ ਇਲਾਕਿਆਂ ਵਿੱਚ ਹੜ੍ਹਾਂ ਦੀ ਸਥਿਤੀ ਪੈਦਾ ਹੋ ਜਾਂਦੀ ਹੈ । ਡੈਮਾਂ ਵਿੱਚੋਂ ਪਾਣੀ ਛੱਡਣ ਕਾਰਨ ਹੜ੍ਹਾਂ ਦੀ ਸਥਿਤੀ ਹੋਰ ਵੀ ਨਾਜ਼ੁਕ ਹੋ ਜਾਂਦੀ



ਹੈ । ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਨਾਲਿਆਂ ਅਤੇ ਡਰੇਨੇਜ ਪ੍ਰਣਾਲੀ ਦੀ ਢੁਕਵੀਂ ਸਾਂਭ-ਸੰਭਾਲ ਨਾ ਹੋਣ ਕਾਰਨ ਪਾਣੀ ਦੀ ਨਿਕਾਸੀ ਵਿੱਚ ਸਮੱਸਿਆ ਪੈਦਾ ਹੁੰਦੀ ਹੈ । ਜਲਵਾਯੂ ਪਰਿਵਰਤਨ ਕਾਰਨ ਬਦਲੇ ਮੌਸਮੀ ਚੱਕਰ ਅਤੇ ਵਰਖਾ ਨੂੰ ਹੜ੍ਹਾਂ ਦੀ ਤੀਬਰਤਾ ਨੂੰ ਵਧਾਇਆ ਹੈ ।

ਪੰਜਾਬ ਵਿੱਚ ਹੜ੍ਹਾਂ ਦਾ ਇਤਿਹਾਸਕ ਜਾਇਜ਼ਾ ਦੱਸਦਾ ਹੈ ਕਿ ਹੜ੍ਹਾਂ ਦੀਆਂ ਘਟਨਾਵਾਂ ਪੁਰਾਣੇ ਸਮੇਂ ਤੋਂ ਵਾਪਰਦੀਆਂ ਆ ਰਹੀਆਂ ਹਨ । ਮਸਲਨ, ਸਾਲ 1955, 1988, 1993, 2010 ਅਤੇ 2025 ਵਿੱਚ ਸਤਲੁਜ, ਬਿਆਸ, ਰਾਵੀ ਦਰਿਆਵਾਂ ਵਿੱਚ ਕਾਫ਼ੀ ਜ਼ਿਆਦਾ ਪਾਣੀ ਵੱਧਣ ਕਾਰਨ ਪੰਜਾਬ ਦੇ ਕਈ ਹਿੱਸਿਆਂ ਵਿੱਚ ਭਾਰੀ ਹੜ੍ਹ ਆਏ ਤੇ ਫ਼ਸਲਾਂ ਦਾ ਵੱਡੀ ਪੱਧਰ 'ਤੇ ਖਰਾਬਾ ਹੋਇਆ ਅਤੇ ਜਾਨੀ-ਮਾਲੀ ਨੁਕਸਾਨ ਵੀ ਹੋਇਆ ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਸਥਾਪਤ ਰਿਮੋਟ ਸੈਂਸਿੰਗ ਸੈਂਟਰ ਦੀ ਪੁਲਾੜ ਟੈਕਨਾਲੋਜੀ ਤੋਂ ਪ੍ਰਾਪਤ ਤਸਵੀਰਾਂ ਅਨੁਸਾਰ 1988 ਵਿੱਚ ਹੜ੍ਹ ਦਰਿਆਵਾਂ ਦੇ ਓਵਰਫਲੋਅ ਹੋਣ ਕਾਰਨ ਆਏ, ਜਦਕਿ 1993 ਵਿੱਚ ਦਰਿਆਵਾਂ ਅਤੇ ਨਹਿਰਾਂ ਦੇ ਬੰਨ੍ਹ ਟੁੱਟਣ ਕਾਰਨ ਆਏ । ਸੰਨ 1988 ਦੌਰਾਨ ਪੰਜਾਬ ਦੇ ਕੁੱਲ ਰਕਬੇ ਦਾ 18% ਅਤੇ 1993 ਵਿੱਚ 19.4% ਹਿੱਸਾ ਹੜ੍ਹਾਂ ਦੀ ਮਾਰ ਹੇਠ ਆਇਆ । ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਅਨੁਸਾਰ 1988 ਵਿੱਚ ਡੈਮਾਂ ਦੇ ਫਲੱਡ ਗੇਟ ਖੋਲ੍ਹਣੇ ਹੜ੍ਹਾਂ ਦਾ ਮੁੱਖ ਕਾਰਨ ਸੀ । ਡੈਮਾਂ ਦੇ ਗੇਟਾਂ ਨੂੰ ਖੋਲ੍ਹਣਾ ਪੰਜਾਬ ਵਿਰੁੱਧ ਸਾਜ਼ਿਸ਼ ਦੱਸਿਆ ਗਿਆ ਜਿਸ ਕਾਰਨ ਅੱਤਵਾਦੀਆਂ ਵੱਲੋਂ ਨਵੰਬਰ 1988 ਵਿੱਚ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਤਤਕਾਲੀ ਚੇਅਰਮੈਨ ਮੇਜਰ ਜਨਰਲ ਬੀ. ਐਨ. ਕੁਮਾਰ ਦੀ ਹੱਤਿਆ ਕੀਤੀ ਗਈ ।

**ਪੰਜਾਬ ਦੇ ਹੜ੍ਹਾਂ ਦਾ ਸਮਾਜਿਕ ਲੇਖਾ-ਜੋਖਾ (ਸੋਸ਼ਲ ਆਡਿਟ) ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਹੜ੍ਹਾਂ ਦਾ ਪ੍ਰਭਾਵ, ਸਰਕਾਰੀ ਅਤੇ ਗੈਰ-ਸਰਕਾਰੀ ਪ੍ਰਤੀਕਰਮ ਅਤੇ ਪੀੜਤ ਲੋਕਾਂ ਨੂੰ ਮਿਲੀ ਸਹਾਇਤਾ ਦੀ ਪਾਰਦਰਸ਼ਿਤਾ ਅਤੇ ਪ੍ਰਭਾਵਸ਼ੀਲਤਾ ਦੀ ਜਨਤਕ ਜਾਂਚ ਕੀਤੀ ਗਈ ਹੈ । ਇਹ ਪ੍ਰਕਿਰਿਆ ਸਮਾਜਿਕ ਜਵਾਬਦੇਹੀ ਨੂੰ ਯਕੀਨੀ ਬਣਾਉਣ, ਸਰਕਾਰੀ ਸਾਧਨਾਂ ਦੀ ਵਰਤੋਂ ਦੀ ਨਿਗਰਾਨੀ ਕਰਨ ਅਤੇ ਪੀੜਤ ਭਾਈਚਾਰਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੀ ਹੈ । ਸਮੇਂ-ਸਮੇਂ 'ਤੇ ਪੰਜਾਬ ਦੇ ਲੋਕਾਂ ਨੇ ਹੜ੍ਹਾਂ ਦੇ ਪ੍ਰਕੋਪ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ ਹੈ ।**

ਜ਼ਿਕਰਯੋਗ ਹੈ ਕਿ ਸਾਲ 2023 ਵਿੱਚ ਭਾਰੀ ਮੌਨਸੂਨ ਨੇ ਸਤਲੁਜ, ਰਾਵੀ ਵਿੱਚ ਪਾਣੀ ਦਾ ਪੱਧਰ ਕਾਫ਼ੀ ਵਧਾ ਦਿੱਤਾ ਸੀ ਜਿਸ ਨੇ ਪੰਜਾਬ ਦੇ 13 ਜ਼ਿਲ੍ਹਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ । ਹੁਣ 2025 ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਨੇ ਸਥਿਤੀ ਨੂੰ ਨਾਜ਼ੁਕ ਬਣਾ ਦਿੱਤਾ ਹੈ । ਪੰਜਾਬ ਸਰਕਾਰ ਵੱਲੋਂ ਇੱਕ ਸਤੰਬਰ ਨੂੰ ਜਾਰੀ ਫਲੱਡ ਮੀਡੀਆ ਬੁਲੇਟਿਨ ਅਨੁਸਾਰ ਪੰਜਾਬ ਵਿੱਚ ਹੜ੍ਹਾਂ ਕਾਰਨ 12 ਜ਼ਿਲ੍ਹੇ, 1044 ਪਿੰਡ, 2,56,107 ਵਿਅਕਤੀ ਪ੍ਰਭਾਵਿਤ ਹੋਏ, 29 ਵਿਅਕਤੀਆਂ ਦੀ ਮੌਤ ਹੋਈ, 15688 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ, 129 ਰਾਹਤ ਕੈਂਪ ਅਤੇ 7144 ਹੋਰ ਸਹਾਇਤਾ ਕੈਂਪ ਲਗਾਏ ਗਏ, 94041 ਹੈਕਟੇਅਰ ਫ਼ਸਲਾਂ ਬੁਰੀ ਤਰ੍ਹਾਂ ਖ਼ਰਾਬ ਹੋਈਆਂ, ਨੈਸ਼ਨਲ ਡਿਜ਼ਾਸਟਰ ਰਿਸਪੌਂਸ ਫੋਰਸ ਦੀਆਂ 22 ਟੀਮਾਂ, ਭਾਰਤ ਦੀ ਫੌਜ ਅਤੇ ਬੀਐੱਸਐੱਫ ਦੀ ਭਾਰੀ ਨਫ਼ਰੀ, 35 ਹੈਲੀਕਾਪਟਰ, 174 ਕਿਸ਼ਤੀਆਂ ਰਾਹਤ ਕਾਰਜਾਂ ਵਿੱਚ ਲਗਾਈਆਂ ਗਈਆਂ ਹਨ ।

ਤਾਜ਼ਾ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਸਮੁੱਚੇ ਪੰਜਾਬ ਨੂੰ ਹੜ੍ਹ ਗ੍ਰਸਤ ਘੋਸ਼ਿਤ ਕਰ ਦਿੱਤਾ ਹੈ । ਹੜ੍ਹਾਂ ਦੇ ਵੇਰਵੇ ਅਤੇ ਅੰਕੜੇ ਦੇਣ ਦਾ ਮਕਸਦ ਇਹ ਸਪੱਸ਼ਟ ਕਰਦਾ ਹੈ ਕਿ ਪੰਜਾਬ ਦਾ ਹੜ੍ਹਾਂ ਨਾਲ ਗੂੜ੍ਹਾ ਨਾਤਾ ਹੈ । ਲਿਹਾਜ਼ਾ ਪੰਜਾਬ ਵਿੱਚ ਆਏ ਹੜ੍ਹਾਂ ਦਾ ਸਮਾਜਿਕ ਲੇਖਾ-ਜੋਖਾ ਕਰਨਾ ਬੇਹੱਦ ਜ਼ਰੂਰੀ ਹੈ, ਖ਼ਾਸ ਤੌਰ 'ਤੇ ਉਸ ਵੇਲੇ ਜਦੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਡੈਮਾਂ ਦੇ ਪਾਣੀ ਨੂੰ ਛੱਡਣ ਦੀ ਨੀਤੀ ਬਾਰੇ ਲੋਕ ਸ਼ੱਕ ਕਰਦੇ ਹਨ ।



ਪੰਜਾਬ ਦੇ ਹੜ੍ਹਾਂ ਦਾ ਸਮਾਜਿਕ ਲੇਖਾ-ਜੋਖਾ (ਸੋਸ਼ਲ ਆਡਿਟ) ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਹੜ੍ਹਾਂ ਦਾ ਪ੍ਰਭਾਵ, ਸਰਕਾਰੀ ਅਤੇ ਗੈਰ-ਸਰਕਾਰੀ ਪ੍ਰਤੀਕਰਮ ਅਤੇ ਪੀੜਤ ਲੋਕਾਂ ਨੂੰ ਮਿਲੀ ਸਹਾਇਤਾ ਦੀ ਪਾਰਦਰਸ਼ਿਤਾ ਅਤੇ ਪ੍ਰਭਾਵਸ਼ੀਲਤਾ ਦੀ ਜਨਤਕ ਜਾਂਚ ਕੀਤੀ ਗਈ ਹੈ । ਇਹ ਪ੍ਰਕਿਰਿਆ ਸਮਾਜਿਕ ਜਵਾਬਦੇਹੀ ਨੂੰ ਯਕੀਨੀ ਬਣਾਉਣ, ਸਰਕਾਰੀ ਸਾਧਨਾਂ ਦੀ ਵਰਤੋਂ ਦੀ ਨਿਗਰਾਨੀ ਕਰਨ ਅਤੇ ਪੀੜਤ ਭਾਈਚਾਰਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੀ ਹੈ । ਸਮੇਂ-ਸਮੇਂ 'ਤੇ ਪੰਜਾਬ ਦੇ ਲੋਕਾਂ ਨੇ ਹੜ੍ਹਾਂ ਦੇ ਪ੍ਰਕੋਪ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ ਹੈ ।

ਸਮਾਜਿਕ ਲੇਖੇ-ਜੋਖੇ ਦਾ ਮਕਸਦ ਹੈ ਕਿ ਪਾਰਦਰਸ਼ਿਤਾ, ਜਵਾਬਦੇਹੀ, ਭਾਈਚਾਰਕ ਸਹਿਯੋਗ ਅਤੇ ਬਿਹਤਰ ਪ੍ਰਬੰਧਾਂ ਦੀ ਬਹਾਲੀ, ਸਰਕਾਰੀ ਰਾਹਤ ਕਾਰਜਾਂ, ਫੰਡਾਂ ਦੀ ਵੰਡ, ਮੁੜ ਵਸੇਬੇ ਦੀਆਂ ਕੋਸ਼ਿਸ਼ਾਂ ਦੀ ਜਨਤਕ ਜਾਂਚ ਕਰਨੀ, ਪ੍ਰਸ਼ਾਸਨ ਅਤੇ ਸੰਬੰਧਤ ਅਧਿਕਾਰੀਆਂ ਨੂੰ ਉਨ੍ਹਾਂ ਦੇ ਕੰਮਾਂ ਲਈ ਜਵਾਬਦੇਹ ਬਣਾਉਣਾ, ਪੀੜਤ ਲੋਕਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਸੁਣਨਾ, ਉਨ੍ਹਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ, ਭਵਿੱਖ ਵਿੱਚ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਲਈ ਨੀਤੀਆਂ ਅਤੇ ਰਣਨੀਤੀਆਂ ਵਿੱਚ ਸੁਧਾਰ ਲਿਆਉਣ ਦੀ ਸਿਫਾਰਸ਼ ਕਰਨਾ ਆਦਿ ਹੈ ।

ਹੜ੍ਹਾਂ ਅਤੇ ਹੋਰ ਆਫ਼ਤਾਂ ਦੇ ਸੰਦਰਭ ਵਿੱਚ ਸਮਾਜਿਕ ਲੇਖੇ-ਜੋਖੇ ਦੀ ਪ੍ਰਕਿਰਿਆ ਅਤੇ ਪੰਜਾਬ ਵਿੱਚ ਪੂਰੀ ਤਰ੍ਹਾਂ ਸਥਾਪਤ ਨਹੀਂ ਹੁੰਦੀ ਹਾਲਾਂਕਿ ਕੁਝ ਗੈਰ-ਸਰਕਾਰੀ ਸੰਗਠਨ (ਐਨਜੀਓ) ਅਤੇ ਸਮਾਜਿਕ ਕਾਰਕੁਨ ਸਥਾਨਕ ਪੱਧਰ 'ਤੇ ਅਜਿਹੀਆਂ ਕੋਸ਼ਿਸ਼ਾਂ ਕਰ ਰਹੇ ਹਨ । ਉਦਾਹਰਨ ਦੇ ਤੌਰ 'ਤੇ ਸ਼ੋਸ਼ਲ ਮੀਡੀਆ 'ਤੇ ਪੋਸਟਾਂ ਅਤੇ ਸਥਾਨਕ ਲੋਕਾਂ ਦੇ ਪ੍ਰਦਰਸ਼ਨਾਂ ਰਾਹੀਂ ਪ੍ਰਸ਼ਾਸਨ ਦੀਆਂ ਕਮੀਆਂ ਨੂੰ ਉਜਾਗਰ ਕੀਤਾ ਜਾਂਦਾ ਹੈ । ਸਮਾਜਿਕ ਲੇਖਾ-ਜੋਖਾ ਪ੍ਰਕਿਰਿਆ ਵਿੱਚ ਮੁੱਖ ਚੁਣੌਤੀਆਂ ਜਾਣਕਾਰੀਆਂ ਦੀ ਕਮੀ, ਪਾਰਦਰਸ਼ਿਤਾ ਦੀ ਘਾਟ, ਭਾਈਚਾਰਕ ਭਾਗੀਦਾਰੀ ਦੀ ਘਾਟ, ਪ੍ਰਸ਼ਾਸਨ ਦੀ ਅਣਗਹਿਲੀ ਆਦਿ ਹਨ ਪਰ ਅਜਿਹੀਆਂ ਚੁਣੌਤੀਆਂ ਨੂੰ ਸਥਾਨਕ ਕਮੇਟੀਆਂ ਦੀ ਸਥਾਪਨਾ, ਜਨਤਕ ਸੁਣਵਾਈ, ਸੋਸ਼ਲ ਮੀਡੀਆ ਦੀ ਵਰਤੋਂ, ਗੈਰ-ਸਰਕਾਰੀ ਸੰਸਥਾਵਾਂ ਦੀ ਸ਼ਮੂਲੀਅਤ ਤੇ ਭਵਿੱਖੀ ਯੋਜਨਾਬੰਦੀ ਰਾਹੀਂ ਹੱਲ ਕੀਤਾ ਜਾ ਸਕਦਾ ਹੈ ।

ਲਿਹਾਜ਼ਾ ਪੰਜਾਬ ਵਿੱਚ ਹੜ੍ਹਾਂ ਦਾ ਸਮਾਜਿਕ ਲੇਖਾ-ਜੋਖਾ ਕਰਨਾ ਅਤੇ ਸਰਕਾਰੀ ਅਤੇ ਸਮਾਜਿਕ ਸੰਸਥਾਵਾਂ ਦੀ ਜੱਥੇਬੰਦੀ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ । ਸਮਾਜਿਕ ਲੇਖਾ-ਜੋਖਾ ਨਾ ਸਿਰਫ਼ ਹੜ੍ਹ ਜਾਂ ਆਫ਼ਤ ਪੀੜਤਾਂ ਨੂੰ ਸਹਾਇਤਾ ਦਿਵਾਉਣ ਵਿੱਚ ਮਦਦ ਕਰੇਗਾ ਸਗੋਂ ਭਵਿੱਖ ਦੀਆਂ ਅਜਿਹੀਆਂ ਆਫ਼ਤਾਂ ਨੂੰ ਰੋਕਣ ਵਿੱਚ ਰਣਨੀਤੀਆਂ ਨੂੰ ਸੁਧਾਰਨ ਵਿੱਚ ਸਹਾਇਤਾ ਵੀ ਕਰੇਗਾ ।

ਸਥਾਨਕ ਲੋਕਾਂ, ਸਮਾਜਿਕ ਸੰਗਠਨਾਂ ਅਤੇ ਸਰਕਾਰ ਦੇ ਸਾਰੇ ਯਤਨਾਂ ਨਾਲ ਹੀ ਪੰਜਾਬ ਵਿੱਚ ਆਏ ਹੜ੍ਹਾਂ ਅਤੇ ਹੋਰ ਆਫ਼ਤਾਂ ਨਾਲ ਨਜਿੱਠਣ ਦੀਆਂ ਗਤੀਵਿਧੀਆਂ ਨੂੰ ਹੋਰ ਪ੍ਰਭਾਵੀ ਬਣਾਇਆ ਜਾ ਸਕਦਾ ਹੈ । ਲਿਹਾਜ਼ਾ ਪੰਜਾਬ ਵਿੱਚ ਆਏ ਹੜ੍ਹਾਂ ਦਾ ਸਮਾਜਿਕ ਲੇਖਾ-ਜੋਖਾ ਕਰਨਾ ਜ਼ਰੂਰੀ ਹੈ । ਆਫ਼ਤ ਪ੍ਰਬੰਧਨ ਐਕਟ 2005 ਅਤੇ ਇਸ ਦੇ ਅਧੀਨ ਬਣੇ ਆਫ਼ਤ ਪ੍ਰਬੰਧਨ ਅਧਿਨਿਯਮ 2006 ਨੇ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਇੱਕ ਮਜ਼ਬੂਤ ਵਿਵਸਥਾ ਪ੍ਰਦਾਨ ਕੀਤੀ ਹੈ ਜੋ ਹੜ੍ਹਾਂ ਦੀ ਰੋਕਥਾਮ, ਤਿਆਰੀ, ਜਵਾਬਦੇਹੀ ਅਤੇ ਮੁੜ ਵਸੇਬੇ ਨੂੰ ਯਕੀਨੀ ਬਣਾਉਣਾ ਹੈ ।

ਪੰਜਾਬ ਵਿੱਚ ਹਰੇਕ ਜ਼ਿਲ੍ਹੇ ਵਿੱਚ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀ ਵੱਲੋਂ ਹਰੇਕ ਸਾਲ ਹੜ੍ਹ ਅਤੇ ਆਫ਼ਤ ਪ੍ਰਬੰਧਨ ਯੋਜਨਾ ਬਣਾਈ ਜਾਂਦੀ ਹੈ ਜਿਸ ਦੇ ਆਧਾਰ 'ਤੇ ਹੜ੍ਹ ਜਾਂ ਕਿਸੇ ਹੋਰ ਆਫ਼ਤ ਦੇ ਵਾਪਰਨ ਨੂੰ ਰੋਕਣ ਲਈ ਉਪਰਾਲੇ ਕੀਤੇ ਜਾਂਦੇ ਹਨ ਅਤੇ ਆਫ਼ਤਾਂ ਤੋਂ ਪੀੜਤ ਲੋਕਾਂ ਨੂੰ ਰਾਹਤ ਦਿੱਤੀ ਜਾਂਦੀ ਹੈ । ਸ਼ੁਰੂਆਤ ਜ਼ਿਲ੍ਹਾ ਆਫ਼ਤ ਪ੍ਰਬੰਧਨ ਯੋਜਨਾ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਡੈਮਾਂ ਵਿੱਚ ਪਾਣੀ ਭਰਨ ਅਤੇ ਛੱਡਣ ਦੀ ਨੀਤੀ ਦੇ ਸਮਾਜਿਕ ਲੇਖੇ-ਜੋਖੇ ਨਾਲ ਕੀਤੀ ਜਾ ਸਕਦੀ ਹੈ ।

(ਲੇਖਕ ਸਾਬਕਾ ਪੀਸੀਐੱਸ ਅਧਿਕਾਰੀ ਹੈ)



## ਮੰਡੀਆਂ ਵਿੱਚ ਝੋਨਾ ਲਿਜਾਉਣ ਤੋਂ ਪਹਿਲਾਂ ਸਰਕਾਰੀ ਪੋਰਟਲ 'ਤੇ ਵੱਖ-ਵੱਖ ਮੰਡੀਆਂ ਦੇ ਰੋਜ਼ਾਨਾ ਦੇ ਰੇਟ ਪਤਾ ਕਰਨੇ ਚਾਹੀਦੇ ਹਨ...

# ਕਿਵੇਂ ਵਧਾਈਏ ਬਾਸਮਤੀ ਵਿੱਚ ਮੁਨਾਫ਼ਾ

ਡਾ. ਮਨਮੀਤ ਮਾਨਵ

ਸਾਉਣੀ ਸੀਜ਼ਨ 2025 ਦੌਰਾਨ ਪੰਜਾਬ ਵਿੱਚ ਬਾਸਮਤੀ ਅਧੀਨ 681 ਲੱਖ ਹੈਕਟੇਅਰ ਰਕਬਾ ਹੈ। ਪੰਜਾਬ ਦੇ ਉੱਚ ਗੁਣਵਤਾ ਵਾਲੀ ਬਾਸਮਤੀ ਚੌਲ ਉੱਤਰੀ ਅਮਰੀਕਾ, ਯੂਰਪ, ਮੱਧ ਪ੍ਰਦੇਸ਼ ਅਤੇ ਈਰਾਨ ਦੇ ਖਪਤਕਾਰਾਂ ਦੇ ਪਸੰਦੀਦਾ ਹਨ। ਅਪੈਡਾ (ਅਫਓਧਅ) ਦੇ ਅੰਕੜਿਆਂ ਅਨੁਸਾਰ ਸਾਲ 2024 ਵਿੱਚ ਬਾਸਮਤੀ ਚੌਲਾਂ ਦੇ ਨਿਰਯਾਤ ਤੋਂ ਭਾਰਤ ਦੀ ਵਿਦੇਸ਼ੀ ਮੁਦਰਾ ਕਮਾਈ 50312 ਕਰੋੜ ਰੁਪਏ ਸੀ, ਜੋ ਕਿ ਸਾਲ 2024 ਵਿੱਚ ਕਮਾਈ ਤੋਂ 1923 ਕਰੋੜ ਰੁਪਏ ਜ਼ਿਆਦਾ ਸੀ। ਇਸ ਵਿੱਚ ਪੰਜਾਬ ਨੇ ਘੱਟੋ-ਘੱਟ 40% ਯੋਗਦਾਨ ਪਾਇਆ ਸੀ ਅਤੇ ਨਿਰਯਾਤ ਦੀਆਂ ਮੁੱਖ ਕਿਸਮਾਂ ਵਿੱਚ ਪੰਜਾਬ ਬਾਸਮਤੀ ਪਹਿਲੇ ਸਥਾਨ ਤੇ ਹੈ। ਕਈ ਮਹੀਨਿਆਂ ਦੀ ਮਿਹਨਤ ਅਤੇ ਲਾਗਤ ਨਾਲ ਪਾਲੀ ਫ਼ਸਲ ਤੇ ਉੱਚ ਮੁੱਲ ਪਾਉਣਾ ਹਰੇਕ ਕਿਸਾਨ ਦਾ ਸਪਨਾ ਹੁੰਦਾ ਹੈ ਜੋ ਉਸ ਫ਼ਸਲ ਦੇ ਸਫ਼ਲ ਮੰਡੀਕਰਨ 'ਤੇ ਨਿਰਭਰ ਕਰਦਾ ਹੈ।

ਹੜ੍ਹਾਂ ਕਾਰਨ ਉਤਪਾਦਨ ਵਿੱਚ ਸੰਭਾਵੀ 20 ਤੋਂ 25 ਪ੍ਰਤੀਸ਼ਤ ਦੀ ਗਿਰਾਵਟ ਦੇ ਬਾਵਜੂਦ ਚੱਲ ਰਹੀ ਮਜ਼ਬੂਤ ਅੰਤਰਰਾਸ਼ਟਰੀ ਮੰਗ ਅਤੇ ਕਾਸ਼ਤ ਖੇਤਰ ਨੂੰ ਵਧਾਉਣ ਦੇ ਯਤਨਾਂ ਤੋਂ ਪਤਾ ਚੱਲਦਾ ਹੈ ਕਿ ਕਿਸਾਨ ਬਿਹਤਰ ਕੀਮਤਾਂ ਅਤੇ ਵਧੇ ਹੋਏ ਮੁਨਾਫ਼ੇ ਦਾ ਮੌਕਾ ਦੇਖ ਸਕਦੇ ਹਨ। ਬਾਸਮਤੀ ਦੇ ਉਤਪਾਦਨ ਵਿੱਚ ਗਿਰਾਵਟ ਆਉਣ ਦੇ ਬਾਵਜੂਦ ਵੀ ਨਿਰਯਾਤਕਾਂ ਦੀ ਪ੍ਰਾਪਤੀ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ ਕਿਉਂਕਿ ਵਿਸ਼ਵ ਵਿਆਪੀ ਸਪਲਾਈ ਸੀਮਤ ਹੋਵੇਗੀ।

ਉਤਪਾਦਕ ਕੋਲ ਮੰਡੀਕਰਨ ਦੇ ਕਈ ਬਦਲ ਹਨ, ਇੱਕ ਤਾਂ ਨਿੱਜੀ ਮੰਡੀਕਰਨ ਅਤੇ ਦੂਸਰਾ ਸੰਸਥਾਗਤ ਮੰਡੀਕਰਨ ਬਦਲ। ਨਿੱਜੀ ਮੰਡੀਕਰਨ ਬਦਲ ਵਿੱਚ ਬਾਸਮਤੀ ਦਾ ਸਵੈ ਮੰਡੀਕਰਨ, ਘਰੇਲੂ ਬਾਜ਼ਾਰੀਕਰਨ ਅਤੇ ਨਿਰਯਾਤ ਵਪਾਰ ਰਾਹੀਂ ਚੰਗੇ ਮੁਨਾਫ਼ੇ ਨਾਲ ਸਫ਼ਲ ਵਪਾਰ ਕਰ ਸਕਦਾ ਹੈ। ਸੰਸਥਾਗਤ ਮੰਡੀਕਰਨ ਬਦਲ ਵਿੱਚ ਉਹ ਉਪਜ ਮੰਡੀ ਵਿੱਚ ਸਰਕਾਰ ਵੱਲੋਂ ਤੈਅ ਨੋਡਲ ਏਜੰਸੀਆਂ ਜਾਂ ਪ੍ਰਾਈਵੇਟ ਵਪਾਰੀਆਂ ਨੂੰ ਵੇਚ ਸਕਦਾ ਹੈ।

### ਉਤਪਾਦਾਂ ਦਾ ਵਪਾਰ

ਪ੍ਰੋਸੈਸਿੰਗ ਅਤੇ ਗ੍ਰੇਡਿੰਗ ਦੌਰਾਨ ਚਾਵਲਾਂ ਦੀ ਟੁੱਟ-ਭੱਜ ਤੋਂ ਚਾਵਲਾਂ ਦਾ ਪਾਊਡਰ/ਆਟਾ ਤਿਆਰ ਕੀਤਾ ਜਾ ਸਕਦਾ ਹੈ। ਇਸ ਆਟੇ ਤੋਂ ਬਹੁਤ ਸਾਰੇ ਰੈਡੀਮੇਡ ਨਾਸ਼ਤੇ (ਇਡਲੀ ਮਿਕਸ/ਉਤਪਮ ਮਿਕਸ/ਡੋਸਾ ਬੈਟਰ), ਸੇਵੀਆਂ, ਨੂਡਲਜ਼, ਪੈਨਕੇਕਸ ਮਿਕਸ, ਕੇਕ, ਪੂੜ੍ਹਾ, ਰੋਟੀ, ਪਾਪੜ ਆਦਿ ਬਣਾਏ ਜਾਂਦੇ ਹਨ। ਗਲੂਟਨ ਫਰੀ ਹੋਣ ਕਾਰਨ ਚਾਵਲਾਂ ਤੋਂ ਬਣੇ ਉਤਪਾਦਾਂ ਦੀ ਮਾਰਕੀਟ ਵਿੱਚ ਅੱਜ ਕੱਲ੍ਹ ਬਹੁਤ ਮੰਗ ਵਧੀ ਹੈ। ਰੈਡੀਮੇਡ ਸੂਪ ਪਾਊਡਰ ਤਿਆਰ ਕਰਨ ਵੇਲੇ ਚਾਵਲਾਂ ਦਾ ਆਟਾ ਸੂਪ ਨੂੰ ਸੰਘਣਾ ਕਰਨ ਵਜੋਂ ਵਰਤਿਆ ਜਾ ਸਕਦਾ ਹੈ।

### ਬਾਸਮਤੀ ਦਾ ਘਰੇਲੂ ਵਪਾਰ

ਮੰਡੀਆਂ ਵਿੱਚ ਝੋਨਾ ਲਿਆਉਣ ਤੋਂ ਪਹਿਲਾਂ ਪੋਰਟਲ 'ਤੇ ਜਾਂ ਈ-ਸਾਈਟ 'ਤੇ ਵੱਖ-ਵੱਖ ਮੰਡੀਆਂ ਦੇ ਰੋਜ਼ਾਨਾ ਦੇ ਰੇਟ ਪਤਾ ਕਰਕੇ ਹੀ ਉਸ ਮੁਤਾਬਿਕ ਵੱਧ ਰੇਟ ਮੁਹੱਈਆ ਕਰਾਉਣ ਵਾਲੀ ਮੰਡੀ ਵਿੱਚ ਜਿਣਸ ਲੈ ਕੇ ਜਾਓ। ਕੁਝ ਮੰਡੀਆਂ ਜਿੱਥੇ ਰਾਈਸ ਪ੍ਰੋਸੈਸਿੰਗ ਅਤੇ ਐਕਸਪੋਰਟ ਕਰਨ ਵਾਲੀਆਂ ਕੰਪਨੀਆਂ ਜਿਵੇਂ ਕਿ ਲਾਲ ਕਿਲ੍ਹਾ ਰਾਈਸ ਐਕਸਪੋਰਟਰ, ਹਰਿਆਣਾ ਦੇ ਪ੍ਰਾਈਵੇਟ ਖਰੀਦਾਰਾਂ ਵੱਲੋਂ ਉਤਪਾਦਕਾਂ ਤੋਂ ਬਾਸਮਤੀ ਦੀ ਵੱਧ ਖਰੀਦ ਕੀਤੀ ਜਾਂਦੀ ਹੈ, ਅਜਿਹੀਆਂ ਮੰਡੀਆਂ ਤੱਕ ਉਪਜ ਦੀ ਪਹੁੰਚ ਕੀਤੀ ਜਾਣੀ ਚਾਹੀਦੀ ਹੈ।

### ਵਪਾਰ ਦੇ ਨੁਕਤੇ

ਬਾਸਮਤੀ ਚਾਵਲਾਂ ਦੇ ਸਫ਼ਲ ਅਤੇ ਲਾਹੇਵੰਦ ਨਿਰਯਾਤ ਵਪਾਰ ਲਈ ਉੱਚ ਗੁਣਵੱਤਾ ਵਾਲੇ, ਕੀਟ ਨਾਸ਼ਕ ਰਹਿੰਦ ਖੂੰਹਦ ਮੁਕਤ ਬਾਸਮਤੀ ਦਾ ਉਤਪਾਦਨ ਬੇਹੱਦ ਜ਼ਰੂਰੀ ਹੈ। ਇਸ ਦੇ ਲਈ ਖਾਸ ਕੀਟ ਨਾਸ਼ਕਾਂ ਦੀ ਪੂਰਨ ਪਾਬੰਦੀ ਤੇ ਬਾਸਮਤੀ ਨੈੱਟ ਵਰਗੀ ਨਵੇਂ ਟਰੇਸੀਬਿਲਟੀ ਸਿਸਟਮ ਨੂੰ ਉਤਸ਼ਾਹਤ ਕੀਤਾ ਜਾਣਾ ਜ਼ਰੂਰੀ ਹੈ ਤਾਂ ਕਿ ਪੰਜਾਬ ਦੇ ਪ੍ਰੀਮੀਅਮ ਚੌਲਾਂ ਦੇ ਨਿਰਯਾਤ ਨੂੰ ਯਕੀਨੀ ਅਤੇ ਸੁਰੱਖਿਅਤ ਰੱਖਿਆ ਜਾ ਸਕੇ। ਜਿਣਸ ਦਾ ਉੱਚ ਵਪਾਰਕ ਮੁੱਲ ਲੈਣ ਲਈ ਐਗਮਾਰਕ ਪ੍ਰਮਾਣਿਕਤਾ, ਸਹੀ ਮੰਡੀ ਦੀ ਚੋਣ ਅਤੇ ਨਿਰਧਾਰਿਤ ਗੁਣਵਤਾ ਮਾਪਦੰਡਾਂ ਤੇ ਪੂਰਾ ਉਤਰਨ ਨੂੰ ਯਕੀਨੀ ਬਣਾਇਆ ਜਾਵੇ। ਨਿਰਧਾਰਿਤ ਮਾਪਦੰਡਾਂ ਅਨੁਸਾਰ ਜਿਣਸ ਦੀ ਗ੍ਰੇਡਿੰਗ ਕੀਤੀ ਜਾਣੀ ਚਾਹੀਦੀ ਹੈ। ਜਿਣਸ ਪੂਰੀ ਤਰ੍ਹਾਂ ਸੁੱਕੀ, ਸਾਫ਼ ਸਵੱਛ, ਸੁਗੰਧਿਤ, ਦਾਣਿਆਂ ਦੇ ਰੰਗ ਤੇ ਸਾਈਜ਼ ਵਿੱਚ ਇੱਕਸਾਰਤਾ ਹੋਣੀ ਚਾਹੀਦੀ ਹੈ। ਇਹ ਗੰਧ, ਉੱਲੀ ਤੋਂ ਰਹਿਤ ਹੋਣੀ ਚਾਹੀਦੀ ਹੈ।

### ਸਵੈ ਮੰਡੀਕਰਨ

ਬਾਸਮਤੀ ਦਾ ਚੰਗਾ ਮੁੱਲ ਲੈਣ ਲਈ ਸਵੈ-ਮੰਡੀਕਰਨ ਇੱਕ ਬਹੁਤ ਵਧੀਆ ਬਦਲ ਹੈ। ਸਭ ਤੋਂ ਛੋਟਾ ਅਤੇ ਕੁਸ਼ਲ ਮਾਰਕੀਟਿੰਗ ਚੈਨਲ ਅਪਨਾਉਂਦੇ ਹੋਏ



ਬਾਸਮਤੀ ਦੇ 15-20% ਹਿੱਸੇ ਦੀ ਮਿਲਿੰਗ, ਪਿੰਡਾਂ ਵਿੱਚ ਲਗਾਏ ਐਗਰੋ ਪ੍ਰੋਸੈਸਿੰਗ ਕੰਪਲੈਕਸਾਂ ਜਾਂ ਕਿਸਾਨ ਖ਼ੁਦ ਦੀ ਮਿੰਨੀ ਰਾਈਸ ਮਿੱਲ ਮਸ਼ੀਨ ਖ਼ਰੀਦ ਕੇ ਕਰ ਸਕਦਾ ਹੈ। ਮਿੰਨੀ ਰਾਈਸ ਮਿੱਲ ਮਸ਼ੀਨ (ਦੋ ਪੋਲੀਸ਼ਰ ਅਤੇ ਐਲੀਵੇਟਰਜ ਨਾਲ) ਜਿਸ ਦੀ ਮਿਲਿੰਗ ਸਮਰੱਥਾ 25 ਕੁਇੰਟਲ ਪ੍ਰਤੀ ਘੰਟਾ ਦੀ ਹੈ, ਦੀ ਅੰਦਾਜ਼ਨ ਕੀਮਤ 3 ਲੱਖ ਰੁਪਏ ਹੈ। ਕੁੱਝ ਕਿਸਾਨ ਸਮੂਹ ਬਣਾ ਕੇ ਵੀ ਇਹ ਮਸ਼ੀਨ ਖਰੀਦ ਸਕਦੇ ਹਨ ਜਾਂ ਕਿਸੇ ਐਗਰੋ ਪ੍ਰੋਸੈਸਿੰਗ ਯੂਨਿਟ ਤੋਂ ਮਿਲਿੰਗ ਕਰਵਾ ਸਕਦੇ ਹਨ। ਮਿਲਿੰਗ ਤੋਂ ਬਾਅਦ ਗ੍ਰੇਡਿੰਗ ਅਤੇ ਪੈਕਿੰਗ ਵੱਲ ਵਿਸ਼ੇਸ਼ ਧਿਆਨ ਦੇਣਾ ਹੋਵੇਗਾ। ਪੈਕ ਕੀਤੇ ਬਾਸਮਤੀ ਚਾਵਲਾਂ ਦੀ ਸਿੱਧੀ ਮਾਰਕੀਟਿੰਗ (ਬਿਨ੍ਹਾਂ ਕਿਸੇ ਵਿਚੋਲੇ ਦੇ) ਖਪਤਕਾਰਾਂ ਤੱਕ ਜਾਂ ਰੀਟੇਲ ਆਊਟਲੈਟਾਂ ਤੇ ਮਾਰਕੀਟ ਰੇਟ ਤੇ ਕਰ ਸਕਦਾ ਹੈ। ਇਸ ਤੋਂ ਇਲਾਵਾ ਕਿਸਾਨ ਬਜ਼ਾਰ, ਕਿਸਾਨ ਸਿਖਲਾਈ ਕੈਂਪ, ਕਿਸਾਨ ਮੇਲੇ, ਕਿਸਾਨ ਹੱਟਸ, ਖੇਡ ਮੇਲੇ, ਵਿਰਾਸਤੀ ਮੇਲੇ, ਵਾਤਾਵਰਣ ਸੰਭਾਲ ਮੇਲੇ ਆਦਿ ਪਲੇਟਫਾਰਮਾਂ ਤੇ ਪੈਕਡ ਚਾਵਲਾਂ ਦੀ ਸਿੱਧੀ ਸੇਲ ਖਪਤਕਾਰਾਂ ਨੂੰ ਕਰ ਸਕਦੇ ਹੋ। ਖਪਤਕਾਰਾਂ ਨਾਲ ਭਵਿੱਖ ਵਿੱਚ ਵੀ ਸਿੱਧਾ ਸੰਪਰਕ ਰੱਖਣ ਲਈ ਉਹਨਾਂ ਦਾ ਪਤਾ, ਫ਼ੋਨ ਨੰਬਰ ਲੈ ਕੇ ਲਿਸਟ ਤਿਆਰ ਕੀਤੀ ਜਾਵੇ ਅਤੇ ਹਰ ਸਾਲ ਉਹਨਾਂ ਦੀ ਡਿਮਾਂਡ ਅਨੁਸਾਰ ਮਿਲਿੰਗ ਦੀ ਮਾਤਰਾ ਵਧਾਈ ਜਾ ਸਕਦੀ ਹੈ। ਬਾਸਮਤੀ ਤੇ ਕੁਦਰਤੀ ਭੌਤਿਕ ਗੁਣ ਅਤੇ ਸੰਵੇਦੀ ਗੁਣ (ਗੰਧ ਅਤੇ ਸਵਾਦ) ਬਰਕਰਾਰ ਰੱਖਣ ਲਈ ਗ੍ਰੇਡਿੰਗ ਅਤੇ ਸਾਫ਼ ਸਵੱਛ ਢੁੱਕਵੀਂ ਪੈਕਿੰਗ ਕਰਨੀ ਚਾਹੀਦੀ ਹੈ ਤਾਂ ਜੋ ਉਪਜ ਦਾ ਉੱਚਿਤ ਰਿਟੇਲ ਮੁੱਲ ਪ੍ਰਾਪਤ ਕਰ ਸਕੇ। ਆਪਣੇ ਪ੍ਰੋਡਕਟ ਦੀ ਕੁਆਲਟੀ ਬਾਰੇ ਸ਼ੋਸ਼ਲ ਮੀਡੀਆ ਰਾਹੀਂ ਪ੍ਰਚਾਰ ਵੀ ਕਰ ਸਕਦੇ ਹੋ ਤਾਂ ਜੋ ਉਸ ਦੀ ਜਾਣਕਾਰੀ ਘਰ ਬੈਠੇ ਬਹੁਤ ਲੋਕਾਂ ਤੱਕ ਪਹੁੰਚ ਸਕੇ। ਨਿਰੰਤਰ ਸਪਲਾਈ ਲਈ ਗਾਹਕਾਂ ਵਿੱਚ ਗੁਣਵੱਤਾ ਦਾ ਭਰੋਸਾ ਬਣਾਈ ਰੱਖਣਾ ਵੀ ਜ਼ਰੂਰੀ ਹੈ।




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 37
ਮਿਤੀ 13-09-2025

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**




# ਕੁਦਰਤੀ ਹੜ੍ਹ ਜਾਂ ਕੁਦਰਤੀ ਕਰੋਪੀ?

**ਸਰਬਜੀਤ ਸਿੰਘ ਜਰਮਨੀ**

> ਜੇਕਰ ਅਸੀਂ ਹੁਣ ਵੀ ਨਾ ਸਮਝੇ ਤਾਂ ਅਸੀਂ ਸਮਝਣ ਲਈ ਕੱਲ ਤੱਕ ਰਹਿਣਾ ਵੀ ਨਹੀਂ। ਕੁਦਰਤ ਦੀ ਕਰੋਪੀ ਸਹਿਣ ਕਰਨੀ ਮਨੁੱਖ ਦੇ ਵੱਸ ਵਿੱਚ ਨਹੀਂ। ਪਰ ਜੇ ਮਨੁੱਖ ਕੁਦਰਤ ਨਾਲ ਪਿਆਰ ਕਰਦਾ ਹੈ ਤਾਂ ਕੁਦਰਤ ਮਨੁੱਖ ਨੂੰ ਤੰਦਰੁਸਤੀ, ਖੁਸ਼ਹਾਲੀ ਸਭ ਕੁੱਝ ਦਿੰਦੀ ਹੈ ਪ੍ਰੰਤੂ ਜੇ ਮਨੁੱਖ ਆਪਣੇ ਸਵਾਰਥ ਲਈ ਕੁਦਰਤ ਨੂੰ ਨੁਕਸਾਨ ਪਹੁੰਚਾਉਂਦਾ ਹੈ ਤਾਂ ਬਚਣਾ ਉਸ ਨੇ ਆਪ ਵੀ ਨਹੀਂ ਹੈ। ਅੱਜ ਹੜ੍ਹ ਪ੍ਰਭਾਵਤ ਲੋਕਾਂ ਨੂੰ ਬਚਾਉਣ ਲਈ ਸਾਨੂੰ ਸਭ ਨੂੰ ਬਣਦਾ ਸਹਿਯੋਗ ਜ਼ਰੂਰ ਦੇਣਾ ਚਾਹੀਦਾ ਹੈ।

ਮੈਂ 1988 ਵਾਲੇ ਹੜ੍ਹ ਬਹੁਤ ਚੰਗੀ ਤਰ੍ਹਾਂ ਦੇਖੇ ਹਨ। ਮੇਰੇ ਪਿੰਡ ਦਾ ਕੇਵਲ ਇੱਕ ਘਰ ਜੋ ਛੱਪੜ ਦੇ ਨਾਲ ਸੀ, ਉਸ ਘਰ ਵਿੱਚ ਪੰਜ ਤੋਂ ਸੱਤ ਇੰਚ ਪਾਣੀ ਆ ਗਿਆ ਸੀ। ਬਾਕੀ ਸਾਰੇ ਪਿੰਡ ਦਾ ਬਚਾਅ ਹੋ ਗਿਆ ਸੀ। ਬਹੁਤ ਸਾਰੇ ਪਿੰਡਾਂ ਵਿੱਚ ਹੜ੍ਹ ਆਏ ਸੀ ਤੇ ਲੋਕਾਂ ਦੀਆਂ ਫ਼ਸਲਾਂ ਦਾ ਨੁਕਸਾਨ ਵੀ ਹੋਇਆ ਸੀ। ਉਸ ਸਮੇਂ ਸਥਿਤੀ ਐਨੀ ਭਿਆਨਕ ਨਹੀਂ ਸੀ ਕਿਉਂਕਿ ਲੋਕ ਕਿਤੇ ਨਾ ਕਿਤੇ ਕੁਦਰਤ ਦੀ ਕਦਰ ਕਰਦੇ ਸਨ। ਇਸ ਨਵੇਂ ਆਏ ਆਧੁਨਿਕ ਯੁੱਗ ਵਿੱਚ ਉੱਚੀਆਂ ਕੋਠੀਆਂ, ਕਾਰਖ਼ਾਨਿਆਂ ਦੇ ਗੰਦੇ ਪਾਣੀ ਦਾ ਸਾਫ਼ ਪਾਣੀ ਮਿਲਾਅ, ਫ਼ਸਲਾਂ ਦੇ ਵੱਧ ਝਾੜ ਲਈ ਦਵਾਈਆਂ ਦੀ ਵਰਤੋਂ, ਮਿੱਟੀ ਦੇ ਮਿੱਤਰ ਕੀੜੇ ਮਾਰ ਮੁਕਾਉਣਾ, ਕਈ ਸਾਰੇ ਪੰਛੀਆਂ ਤੇ ਜਾਨਵਰਾਂ ਦੀਆਂ ਨਸਲਾਂ ਤਾਂ ਅੰਤ, ਰੁੱਖਾਂ ਨੂੰ ਖ਼ਤਮ ਕਰਨਾ, ਪਾਣੀ ਦੀ ਦੁਰਵਰਤੋਂ, ਪ੍ਰਦੂਸ਼ਣ (ਅਵਾਜ਼, ਗੰਦਗੀ, ਨੈੱਟ, ਰਬੜ) ਫੈਲਾਉਣਾ, ਹਰ ਕੁਦਰਤੀ ਸਰੋਤ ਦੀ ਦੁਰਵਰਤੋਂ, ਪਹਾੜੀ ਇਲਾਕਿਆਂ ਨੂੰ ਤਬਾਹ ਕਰਨਾ, ਜੰਗਲ ਖ਼ਤਮ ਕਰਨ ਵਰਗੇ ਮੁੱਖ ਕਾਰਨ ਹਨ ਜੋ ਅੱਜ ਸਾਨੂੰ ਬੁਰੇ ਹਾਲਾਤ ਵਿੱਚ ਖੜ੍ਹਾ ਕਰ ਰਹੇ ਹਨ। ਬਹੁਤ ਦੁੱਖ ਹੋ ਰਿਹਾ ਹੈ ਲੋਕਾਂ ਨੂੰ ਘਰੋਂ ਬੇਘਰ ਹੋਏ ਵੇਖ ਕੇ। ਕਿਸੇ ਦੇ ਪੁੱਤਾਂ ਨਾਲੋਂ ਵੱਧ ਪਿਆਰੇ ਪਾਲੇ ਡੰਗਰ ਵੱਛੇ ਹੜ੍ਹ ਵਿੱਚ ਰੁੜ੍ਹ ਰਹੇ ਹਨ। ਉੱਜੜ ਗਏ ਘਰਾਂ ਨੇ ਕਈਆਂ ਸਾਲਾਂ ਤੱਕ ਮੁੜ ਨਹੀਂ ਵਸਣਾ।

ਕੁਦਰਤ ਨਾਲ ਖਿਲਵਾੜ ਕਰਨ ਵਿੱਚ ਸਭ ਤੋਂ ਵੱਧ ਸਰਕਾਰਾਂ ਜ਼ਿੰਮੇਵਾਰ ਹਨ। ਜਦੋਂ ਤੱਕ ਲੋਕਾਂ ਨੂੰ ਬਿਜਲੀ ਦਾ ਬਿੱਲ ਦੇਣਾ ਪੈਂਦਾ ਸੀ, ਲੋਕ ਮੋਟਰ ਚਲਾ ਕੇ ਲਾਗੇ ਹੀ ਖੜਦੇ ਸਨ, ਜਿਸ ਨਾਲ ਪਾਣੀ ਤੇ ਬਿਜਲੀ ਦੀ ਸਹੀ ਵਰਤੋਂ ਹੁੰਦੀ ਸੀ ਪਰ ਅੱਜ ਕਾਫ਼ੀ ਮੋਟਰਾਂ ਘੰਟਿਆਂ ਬੱਧੀ ਚਲਦੀਆਂ ਰਹਿੰਦੀਆਂ ਹਨ।

ਇੱਕ ਹਫ਼ਤਾ ਪਹਿਲਾਂ ਸਾਡੇ ਪਿੰਡ ਵਾਲੇ ਘਰ ਦੀ ਮੋਟਰ ਪਾਣੀ ਛੱਡ ਗਈ, 20 ਫੁੱਟ ਪਾਈਪ ਨਵੀਂ ਪਈ ਤੇ ਪਾਣੀ ਪੀਣ ਨੂੰ ਮਿਲਿਆ। ਪਿੰਡ ਵਾਸੀਆਂ ਤੋਂ ਜਾਣਕਾਰੀ ਮਿਲੀ ਕਿ ਸਾਰੇ ਪਿੰਡ ਵਿੱਚ ਪਾਣੀ ਮੁੱਕ ਗਿਆ ਤੇ ਪਿੰਡ ਨੇ 20-20 ਫੁੱਟ ਬੋਰ ਡੂੰਘੇ ਕਰਵਾਏ ਹਨ। ਕੁੱਝ ਦਿਨ ਪਹਿਲਾਂ ਅਸੀਂ ਭਰ ਗਰਮੀ ਵਿੱਚ ਸੋਕਾ ਪੈਣ 'ਤੇ ਵਿਲਕ ਰਹੇ ਸੀ, ਇੱਕ ਦੋ ਦਿਨ ਮੀਂਹ ਪੈਣ ਮਗਰੋਂ ਸਾਡੇ ਪੰਜਾਬ ਦੇ ਬਹੁਤੇ ਪਿੰਡ ਹੜ੍ਹ ਦੀ ਮਾਰ ਸਹਿਣ ਕਰ ਰਹੇ ਹਨ। ਕੀ ਇਹ ਸਾਰਾ ਵਰਤਾਰਾ ਕੁਦਰਤੀ ਹੈ ? ਸਾਨੂੰ ਇੱਕ ਵਾਰ ਆਪਣੇ ਅੰਦਰ ਵੀ ਝਾਤੀ ਮਾਰ ਲੈਣੀ ਚਾਹੀਦੀ ਹੈ ਕਿ ਅਸੀਂ ਕੀ ਕੁੱਝ ਨਹੀਂ ਕੀਤਾ ਕੁਦਰਤ ਨੂੰ ਬਰਬਾਦ ਕਰਨ ਲਈ। ਕੁਦਰਤ ਨੂੰ ਮੂੰਧੇ ਮੂੰਹ ਸੁੱਟਣ ਲਈ ਮਨੁੱਖ ਨੇ ਅੱਡੀ ਚੋਟੀ ਦਾ ਜ਼ੋਰ ਲਾ ਰੱਖਿਆ ਹੈ। ਅਸੀਂ ਆਉਣ ਵਾਲੀਆਂ ਨਸਲਾਂ ਨੂੰ ਧਰਤੀ 'ਤੇ ਆਉਣ ਤੋਂ ਪਹਿਲਾਂ ਹੀ ਮਾਰਨ ਦੀ ਤਿਆਰੀ ਕਰੀ ਬੈਠੇ ਹਾਂ, ਆਖ਼ਰ ਕਿਉਂ ?

ਜੇਕਰ ਅਸੀਂ ਹੁਣ ਵੀ ਨਾ ਸਮਝੇ ਤਾਂ ਅਸੀਂ ਸਮਝਣ ਲਈ ਕੱਲ ਤੱਕ ਰਹਿਣਾ ਵੀ ਨਹੀਂ। ਕੁਦਰਤ ਦੀ ਕਰੋਪੀ ਸਹਿਣ ਕਰਨੀ ਮਨੁੱਖ ਦੇ ਵੱਸ ਵਿੱਚ ਨਹੀਂ। ਪਰ ਜੇ ਮਨੁੱਖ ਕੁਦਰਤ ਨਾਲ ਪਿਆਰ ਕਰਦਾ ਹੈ ਤਾਂ ਕੁਦਰਤ ਮਨੁੱਖ ਨੂੰ ਤੰਦਰੁਸਤੀ, ਖੁਸ਼ਹਾਲੀ ਸਭ ਕੁੱਝ ਦਿੰਦੀ ਹੈ ਪ੍ਰੰਤੂ ਜੇ ਮਨੁੱਖ ਆਪਣੇ ਸਵਾਰਥ ਲਈ ਕੁਦਰਤ ਨੂੰ ਨੁਕਸਾਨ ਪਹੁੰਚਾਉਂਦਾ ਹੈ ਤਾਂ ਬਚਣਾ ਉਸ ਨੇ ਆਪ ਵੀ ਨਹੀਂ ਹੈ। ਅੱਜ ਹੜ੍ਹ ਪ੍ਰਭਾਵਤ ਲੋਕਾਂ ਨੂੰ ਬਚਾਉਣ ਲਈ ਸਾਨੂੰ ਸਭ ਨੂੰ ਬਣਦਾ ਸਹਿਯੋਗ ਜ਼ਰੂਰ ਦੇਣਾ ਚਾਹੀਦਾ ਹੈ।

ਜਿਹੜੇ ਏ ਆਈ ਨਾਲ ਹੜ੍ਹ ਦੀ ਵੀਡੀਓ ਬਣਾ ਰਹੇ,
ਭੋਲੇ ਲੋਕਾਂ ਦਾ ਦਿਲ ਦਹਿਲਾ ਰਹੇ।
ਉਨ੍ਹਾਂ ਦਾ ਫ਼ੋਨ ਹੜ੍ਹ ਵਿੱਚ ਰੁੜ ਜਾਵੇ,
ਆਪਣੇ ਆਪ ਨੂੰ ਬਚਾਉਣ ਦਾ ਆਹਰ ਕਰੋ।
ਕ੍ਰਿਪਾ ਕਰਕੇ ਕੁਦਰਤ ਦਾ ਸਤਿਕਾਰ ਕਰੋ,
ਭੁੱਲ ਕੇ ਵੀ ਕੁਦਰਤ ਨੂੰ ਨਾ ਬਰਬਾਦ ਕਰੋ।
ਕੁਦਰਤ ਨੂੰ ਰੱਜ ਕੇ ਪਿਆਰ ਕਰੋ,
ਕੁਦਰਤ ਦਾ ਰੱਜ ਕੇ ਸਤਿਕਾਰ ਕਰੋ।

# ਘਰਾਟ ਵਾਲਾ ਨੌਜਵਾਨ ਉੱਦਮੀ - ਸ. ਅਮਰਿੰਦਰ ਸਿੰਘ

ਅਮਰਿੰਦਰ ਸਿੰਘ ਨੇ ਸੰਨ 2020 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਕਿੱਲ ਡਿਵੈੱਲਪਮੈਂਟ ਸੈਂਟਰ ਤੋਂ ਨੌਜਵਾਨ ਕਿਸਾਨਾਂ ਲਈ ਖੇਤੀਬਾੜੀ ਸਬੰਧਿਤ ਤਿੰਨ ਮਹੀਨੇ ਦਾ ਸਿਖਲਾਈ ਕੋਰਸ ਕੀਤਾ। ਸੰਨ 2021 ਵਿੱਚ ਅਮਰਿੰਦਰ ਸਿੰਘ ਨੇ ਯੂਨਿਟ ਤਿਆਰ ਕੀਤਾ ਜਿਸ ਵਿੱਚ ਸ਼ੈੱਡ ਦੀ ਉਸਾਰੀ ਕਰਕੇ ਤੇਲ ਕੱਢਣ ਵਾਲੀ ਮਸ਼ੀਨ (ਆਇਲ ਐਕਸਪੈਲਰ) ਲਗਾਈ। ਫਿਰ ਉਸਨੇ ਘਰਾਟ 'ਤੇ ਚੱਲਣ ਵਾਲਾ ਕੱਚੀ ਘਾਣੀ ਵਾਲਾ ਕੋਹਲੂ ਲਗਾਇਆ। ਹੁਣ ਉਹ ਇਸ ਰਾਹੀਂ ਤੇਲ ਕੱਢ ਕੇ ਵੇਚਦਾ ਹੈ। ਉਸਨੇ ਯੂਨਿਟ ਵਿੱਚ ਘਰਾਟ 'ਤੇ ਚੱਲਣ ਵਾਲੀ ਆਟਾ ਚੱਕੀ ਲਗਾਈ ਹੋਈ ਹੈ। ਉਹ ਦੱਸਦਾ ਹੈ ਕਿ ਚੱਕੀ ਵਿੱਚ ਆਟਾ ਪੀਸਣ ਲਈ ਕੁਦਰਤੀ ਪੱਥਰ ਲਗਾਇਆ ਹੈ ਜਿਸ ਕਾਰਨ ਪੌਸ਼ਟਿਕ ਅਤੇ ਸੁਆਦਲਾ ਆਟਾ ਤਿਆਰ ਹੁੰਦਾ ਹੈ। ਘਰਾਟਾਂ ਵਿੱਚ ਆਟਾ ਹੌਲੀ-ਹੌਲੀ ਗਤੀ 'ਤੇ ਪੀਸਿਆ ਜਾਂਦਾ ਹੈ, ਜਿਸ ਕਾਰਨ ਆਟੇ ਦੇ ਪੌਸ਼ਟਿਕ ਤੱਤ ਅਤੇ ਸੁਆਦ ਬਰਕਰਾਰ ਰਹਿੰਦਾ ਹੈ। ਇਸੇ ਦੌਰਾਨ ਉਸਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੋਂ ਫੂਡ ਪ੍ਰੋਸੈਸਿੰਗ ਅਤੇ ਇੰਜ. ਵਿਭਾਗ ਦੇ ਸਾਇੰਸਦਾਨਾਂ ਨਾਲ ਰਾਬਤਾ ਕੀਤਾ ਅਤੇ ਭੋਜਨ ਦੀ ਵੈਕਯੂਮ ਪੈਕਿੰਗ ਬਾਰੇ ਜਾਣਕਾਰੀ ਹਾਸਲ ਕੀਤੀ ਕਿਉਂਕਿ ਉਸਨੂੰ ਮੂੰਗੀ ਦੀ ਆਮ ਪੈਕਿੰਗ ਕਰਕੇ ਨੁਕਸਾਨ ਹੋਇਆ ਸੀ। ਫਿਰ ਉਸਨੇ ਜਰਮਨ ਅਧਾਰਿਤ ਵੈਕਯੂਮ ਮਸ਼ੀਨ ਖਰੀਦੀ। ਹੁਣ ਉਹ ਵੈਕਯੂਮ ਪੈਕਿੰਗ ਰਾਹੀਂ ਆਟਾ, ਦਾਲਾਂ, ਸ਼ੱਕਰ ਆਦਿ ਤਆਰ ਕਰਕੇ ਵੇਚਦਾ ਹੈ। ਐਗਮਾਰਕ ਲੈਬਾਰਟਰੀ ਲੁਧਿਆਣਾ ਅਤੇ ਆਈ. ਸੀ. ਏ. ਆਰ. ਸੀਫੇਟ ਨੇ ਵੀ ਉਸਦਾ ਮਾਰਗ ਦਰਸ਼ਨ ਕੀਤਾ। ਉਸਨੇ ਐਗਮਾਰਕ, ਲੁਧਿਆਣਾ ਅਤੇ ਆਈ. ਸੀ. ਏ. ਆਰ. ਸੀਫੇਟ ਤੋਂ ਭੋਜਨ ਪਦਾਰਥਾਂ ਦੀ ਕੁਆਲਟੀ ਬਾਰੇ ਜਾਣਕਾਰੀ ਹਾਸਲ ਕੀਤੀ। ਉਹ ਮੱਧ ਪ੍ਰਦੇਸ਼ ਤੋਂ ਸ਼ਰਬਤੀ ਕਣਕ ਲੈ ਕੇ ਆਟਾ ਤਿਆਰ ਕਰਦਾ ਹੈ। ਉਹ ਰਾਜਸਥਾਨ ਤੋਂ ਮੂੰਗੀ, ਕਾਲੇ ਛੋਲੇ ਅਤੇ ਮੂੰਗਫਲੀ, ਸਾਊਥ ਤੋਂ ਨਾਰੀਅਲ ਦਾ ਗੁੱਟ, ਹਿਮਾਚਲ ਤੋਂ ਮਾਂਹ, ਕੁਲੱਥ, ਰਾਜਮਾਂਹ, ਤਿਲ, ਗੁੜ ਅਤੇ ਸ਼ੱਕਰ ਖਰੀਦਦਾ ਹੈ। ਉਸਨੇ ਮਸਾਲੇ ਤਿਆਰ ਕਰਨ ਲਈ ਵੀ ਮਸ਼ੀਨ ਵੀ ਖ਼ਰੀਦੀ ਹੈ ਅਤੇ ਉਹ ਮਸਾਲੇ ਬਣਾ ਕੇ ਵੀ ਵੇਚਦਾ ਹੈ। ਉਹ ਇਹ ਸਭਨਾਂ ਨੂੰ ਗੁਜਾਰਿਸ਼ ਕਰਦਾ ਹੈ ਕਿ ਜਿੰਨਾ ਹੋ ਸਕਦਾ ਹੈ ਸਾਫ਼-ਸੁਥਰਾ ਅਤੇ ਰਸਾਇਣ ਮੁਕਤ ਭੋਜਨ ਖਾਓ ਅਤੇ ਆਪਣੇ ਸਰੀਰ ਨੂੰ ਬਿਮਾਰੀਆਂ ਤੋਂ ਬਚਾਓ। ਸ. ਅਮਰਿੰਦਰ ਸਿੰਘ ਮੰਨਦਾ ਹੈ ਕਿ ਇਨਸਾਨੀਅਤ ਦੀ ਸੇਵਾ ਇੱਕ ਨੇਕ ਕਾਰਜ ਹੈ।

**- ਕੁਲਵੀਰ ਕੌਰ, ਰੂਪਿੰਦਰ ਕੌਰ, ਲਵਲੀਸ਼ ਗਰਗ, ਸਕਿੱਲ ਡਿਵੈੱਲਪਮੈਂਟ ਸੈਂਟਰ (ਮੋ. 94170-16207)**



# ਗਿਆਨ ਵਿਗਿਆਨ ਦੇ ਸੋਮੇ
# ਕਿਸਾਨ ਮੇਲੇ


ਮੇਲੇ ਦਾ ਜੇਕਰ ਅੱਖਰੀ ਅਰਥ ਕੀਤਾ ਜਾਵੇ ਤਾਂ ਇਹ ਮੇਲ ਮਿਲਾਪ ਹੀ ਬਣਦਾ ਹੈ। ਪੁਰਾਣੇ ਸਮਿਆਂ ਵਿੱਚ ਆਵਾਜਾਈ ਸਾਧਨ ਸੀਮਤ ਸਨ। ਹਰ ਥਾਂ ਪੈਦਲ ਹੀ ਜਾਣਾ ਪੈਂਦਾ ਸੀ। ਦੂਜੇ ਆਰਥਿਕ ਤੰਗੀ ਵੀ ਸੀ। ਪੈਸਾ ਬਹੁਤ ਸੀਮਤ ਸੀ। ਮਿਹਨਤ ਬਹੁਤ ਕਰਨੀ ਪੈਂਦੀ ਸੀ। ਕੇਵਲ ਵਿਆਹ ਸਮੇਂ ਹੀ ਨਵੇਂ ਕਪੜੇ ਪਾਉਣ ਦੀ ਖੁਲ੍ਹ ਮਿਲਦੀ ਸੀ। ਇਸੇ ਘਾਟ ਦੀ ਪੂਰਤੀ ਲਈ ਹਰੇਕ ਭਾਈਚਾਰੇ ਨੇ ਮੇਲੇ ਕਰਨੇ ਸ਼ੁਰੂ ਕੀਤੇ ਤਾਂ ਜੋ ਕਦੇ ਕਦਾਈਂ ਉਹ ਵੀ ਮਿਹਨਤ ਭਰੀ ਜ਼ਿੰਦਗੀ ਵਿੱਚੋਂ ਕੁਝ ਸਮਾਂ ਕੱਢ ਆਪਸ ਵਿੱਚ ਹੱਸ ਲੈਣ ਤੇ ਕੁਝ ਖਾਣ ਦਾ ਵੀ ਆਨੰਦ ਲੈ ਸਕਣ। ਪੰਜਾਬ ਅਜਿਹਾ ਖਿੱਤਾ ਜਿੱਥੇ ਸਾਰੇ ਦੇ ਸਾਰੇ ਛੇ ਮੌਸਮ ਆਉਂਦੇ ਹਨ। ਇਨ੍ਹਾਂ ਮੌਸਮਾਂ ਦਾ ਸਵਾਗਤ ਕਰਨ ਜਾਂ ਅਲਵਿਦਾ ਆਖਣ ਲਈ ਮੇਲਿਆਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਪਰ ਜਿਉਂ-ਜਿਉਂ ਆਵਾਜਾਈ ਦੇ ਵਸੀਲਿਆਂ ਵਿੱਚ ਵਾਧਾ ਹੋਇਆ, ਘਰਾਂ ਵਿੱਚ ਰੇਡੀਓ ਆਏ ਤਾਂ ਲੋਕਾਂ ਦਾ ਵਿਸ਼ੇਸ਼ ਕਰਕੇ ਪਿੰਡਾਂ ਦੇ ਲੋਕਾਂ ਦੀ ਬਾਹਰਲੀ ਦੁਨੀਆਂ ਨਾਲ ਸਾਂਝ ਵਧੀ ਤਾਂ ਮੇਲਿਆਂ ਵਿੱਚ ਜਾਣ ਦਾ ਰੁਝਾਨ ਘੱਟ ਹੋਣ ਲੱਗ ਪਿਆ। ਮੇਲੇ ਵਿੱਚ ਆਮ ਕਰਕੇ ਪੈਦਲ ਹੀ ਜਾਂਦੇ ਸਨ। ਪਿੰਡ ਦੇ ਮਰਦ ਇਕੱਠੇ ਹੋ ਕੇ ਇੱਕ ਗਰੁੱਪ ਵਿੱਚ ਅਤੇ ਔਰਤਾਂ ਆਪਣੇ ਗਰੁੱਪ ਵਿੱਚ ਬੋਲੀਆਂ ਪਾਉਂਦੇ ਅਤੇ ਗੀਤ ਗਾਉਂਦੇ ਜਾਂਦੇ ਸਨ। ਆਵਾਜਾਈ ਦੇ ਸਾਧਨਾਂ ਵਿੱਚ ਵਾਧੇ ਨਾਲ ਇੰਝ ਗਰੁੱਪ ਬਣਾ ਕੇਮੇਲੇ ਜਾਣ ਦਾ ਰਿਵਾਜ਼ ਖਤਮ ਹੋਣ ਲੱਗਾ। ਮੈਨੂੰ ਬਚਪਨ ਵਿੱਚ ਯਾਦ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਹੋਲੇ ਮਹੱਲੇ ਮੌਕੇ ਦੇ ਦਿਨ ਸਫ਼ਰ ਕਰਕੇ ਅਸੀਂ ਪਿੱਛਿਂ ਪੈਦਲ ਹੀ ਜਾਂਦੇ ਸਾਂ। ਰਾਹ ਵਿੱਚ ਬੇੜੀ ਪੈਂਦੀ ਸੀ। ਉਸ ਰਾਹੀਂ ਦਰਿਆ ਪਾਰ ਕਰਨ ਦਾ ਆਪਣਾ ਹੀ ਆਨੰਦ ਹੁੰਦਾ ਸੀ।

ਜਦੋਂ ਸਰਕਾਰ ਵੱਲੋਂ ਪੰਚਾਇਤੀ ਰਾਜ ਸ਼ੁਰੂ ਹੋਇਆ ਤਾਂ ਪਿੰਡਾਂ ਵਿੱਚ ਵਿਕਾਸ ਦੇ ਕਾਰਜ ਤੇਜ਼ੀ ਨਾਲ ਸ਼ੁਰੂ ਹੋਏ। ਸਰਕਾਰ ਵਲੋਂ ਲੋਕਾਂ ਨੂੰ ਵਿਕਾਸ ਕਾਰਜਾਂ ਨਾਲ ਜੋੜਨ ਲਈ ਪਿੰਡਾਂ ਵਿੱਚ ਫ਼ਿਲਮ ਸ਼ੋ, ਡਰਾਮੇ, ਰੰਗਾਰੰਗ ਪ੍ਰੋਗਰਾਮ ਤੇ ਮੇਲਿਆਂ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਪੰਜਾਬ ਸਰਕਾਰ ਵਿੱਚ ਇੱਕ ਵਿਭਾਗ ਬਣਿਆ ਜਿਸ ਕੋਲ ਡਰਾਮਾ ਕਲਬ ਤੇ ਗਾਉਣ ਵਾਲੇ ਨੌਕਰੀਆਂ ਤੇ ਰੱਖੇ ਗਏ। ਮੈਨੂੰ ਕੁਝ ਸਾਲ ਇਸ ਮਹਿਕਮੇ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਅਤੇ ਵਿਕਾਸ ਮੇਲਿਆਂ ਦੇ ਆਯੋਜਨ ਦਾ ਤਜ਼ਰਬਾ ਹੋ ਗਿਆ। ਦੋ ਕੁਝ ਸਾਲ ਨੌਕਰੀ ਕਰਨ ਪਿੱਛਿਂ ਮੁੜ ਅਗਲੀ ਪੜ੍ਹਾਈ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਦਾਖਲਾ ਲੈ ਲਿਆ। ਇਸ ਵਾਰ ਮੇਰਾ ਵਿਸ਼ਾ ਪਸਾਰ ਸਿੱਖਿਆ ਸੀ ਜਿਸ ਦਾ ਮੁੱਖ ਮੰਤਵ ਨਵੇਂ ਗਿਆਨ ਨੂੰ ਕਿਸਾਨਾਂ ਤੱਕ ਪਹੁੰਚਾਉਣਾ ਅਤੇ ਇਸ ਨੂੰ ਅਪਨਾਉਣ ਲਈ ਉਕਸਾਉਣਾ ਸੀ। ਦੋ ਸਾਲਾਂ ਵਿੱਚ ਪੜ੍ਹਾਈ ਪੂਰੀ ਕਰਨ ਪਿੱਛਿਂ ਮੈਨੂੰ ਯੂਨੀਵਰਸਿਟੀ ਦੇ ਇਸੇ ਵਿਭਾਗ ਵਿੱਚ ਬਤੌਰ ਲੈਕਚਰਾਰ ਨੌਕਰੀ ਮਿਲ ਗਈ। ਵੱਧ ਝਾੜ ਦੇਣ ਵਾਲੀਆਂ ਕਣਕ ਦੀਆਂ ਨਵੀਆਂ ਕਿਸਮਾਂ ਦੀ ਆਮਦ ਉਦੋਂ ਹੋਈ ਹੀ ਸੀ। ਅਸੀਂ ਚਾਹੁੰਦੇ ਸਾਂ ਕਿ ਇਸ ਬੀਜ ਅਤੇ ਇਸ ਦੀ ਕਾਸ਼ਤ ਦੇ ਢੰਗ ਤਰੀਕਿਆਂ ਬਾਰੇ ਕਿਸਾਨਾਂ ਨੂੰ ਘੱਟ ਤੋਂ ਘੱਟ ਸਮੇਂ ਵਿੱਚ ਜਾਣਕਾਰੀ ਦਿੱਤੀ ਜਾਵੇ। ਮੈਂ ਸੋਚਿਆ ਕਿ ਵਿਕਾਸ ਮੇਲਿਆਂ ਵਾਂਗ ਯੂਨੀਵਰਸਿਟੀ ਵਿੱਚ ਜੇਕਰ ਕਿਸਾਨ ਮੇਲਾ ਲਗਾਇਆ ਜਾਵੇ ਤਾਂ ਨਵੀਂ ਜਾਣਕਾਰੀ ਤੇਜੀ ਨਾਲ ਪੰਜਾਬ ਦੇ ਕਿਸਾਨਾਂ ਤੱਕ ਪਹੁੰਚਾਈ ਜਾ ਸਕਦੀ ਹੈ। ਸਾਡੇ ਵਿਭਾਗ ਦੇ ਮੁਖੀ ਡਾ. ਤਖਤ ਸਿੰਘ ਸੋਹਲ ਬਹੁਤ ਹੀ ਮਿਹਨਤੀ ਅਤੇ ਅਗਾਂਹਵਧੂ ਵਿਚਾਰਾਂ ਵਾਲੇ ਸਨ। ਉਨ੍ਹਾਂ ਨੂੰ ਇਹ ਤਜਵੀਜ ਚੰਗੀ ਲੱਗੀ ਤੇ ਪ੍ਰੋਗਰਾਮ ਉਲੀਕਣ ਲਈ ਇੱਕ ਕਮੇਟੀ ਬਣਾ ਦਿੱਤੀ।

ਕਮੇਟੀ ਨੇ ਦੋ ਦਿਨ ਦਾ ਪ੍ਰੋਗਰਾਮ ਉਲੀਕਿਆ। ਮੇਲੇ ਵਿੱਚ ਇੱਕ ਨੁਮਾਇਸ਼ ਲਗਾਉਣ ਦਾ ਫੈਸਲਾ ਹੋਇਆ ਜਿਸ ਵਿੱਚ ਯੂਨੀਵਰਸਿਟੀ ਦੇ ਵਿਭਾਗ ਅਤੇ ਖੇਤੀ ਨਾਲ ਸੰਬੰਧਿਤ ਕੰਪਨੀਆਂ ਸੈਂਪਲ ਲਗਾਉਣਗੀਆਂ। ਮੇਲੇ ਦਾ ਰੂਟ ਬਣਾਇਆ ਗਿਆ। ਜਿਸ ਉਤੇ ਕਣਕ ਦੇ ਪ੍ਰਦਰਸ਼ਨੀ ਪਲਾਂਟ, ਹਾੜੀ ਦੀਆਂ ਹੋਰ ਫ਼ਸਲਾਂ ਅਤੇ ਫਾਰਮ ਮਸ਼ੀਨਰੀ, ਪਸ਼ੂਆਂ ਦੀ ਨੁਮਾਇਸ਼ ਅਤੇ ਹੋਰ ਜਾਣਕਾਰੀ ਦਿੱਤੀ ਜਾਣੀ ਸੀ। ਇਹ ਵੀ ਫ਼ੈਸਲਾ ਹੋਇਆ ਕਿ ਕਿਸਾਨ ਬੀਬੀਆਂ ਨੂੰ ਮੇਲੇ ਵਿੱਚ ਆਉਣ ਲਈ ਉਤਸ਼ਾਹਿਤ ਕੀਤਾ ਜਾਵੇ। ਹੋਮ ਸਾਇੰਸ ਕਾਲਜ ਵੱਲੋਂ ਉਨ੍ਹਾਂ ਲਈ ਨੁਮਾਇਸ਼ ਲਗਾਈ ਜਾਣੀ ਸੀ। ਆਉਣ ਵਾਲੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਚਰਖਾ ਕੱਤਣ, ਕਪਾਹ ਵੇਲਣ ਅਤੇ ਸੇਵੀਆਂ ਵਟਣ ਦੇ ਮੁਕਾਬਲੇ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਹ ਵੀ ਫ਼ੈਸਲਾ ਕੀਤਾ ਗਿਆ ਕਿ ਨਵੀਆਂ ਕਣਕ ਦੀਆਂ ਕਿਸਮਾਂ ਦੇ ਬੀਜ ਦੀ ਦੋ-ਦੋ ਕਿਲੋ ਦੀਆਂ ਥੈਲੀਆਂ ਬਣ ਕੇ ਵੇਚਿਆ ਜਾਵੇਗਾ ਤਾਂ ਜੋ ਇਹ ਬੀਜ ਵੱਧ ਤੋਂ ਵੱਧ ਕਿਸਾਨਾਂ ਤੱਕ ਪਹੁੰਚ ਸਕੇ। ਮੇਲੇ ਦੇ ਪਹਿਲੇ ਦਿਨ ਨੁਮਾਇਸ਼ ਦਾ ਉਦਘਾਟਨ, ਮੁਕਾਬਲੇ ਅਤੇ ਦੁਪਹਿਰ ਪਿੱਛਿਂ ਕਿਸਾਨ ਮਾਹਿਰ ਮਿਲਣੀ ਰੱਖੀ ਗਈ ਤੇ ਸ਼ਾਮ ਨੂੰ ਮਨੋਰੰਜਕ ਪ੍ਰੋਗਰਾਮ ਕਰਨ ਦਾ ਫ਼ੈਸਲਾ ਹੋਇਆ। ਦੂਜੇ ਦਿਨ ਜੇਤੂਆਂ ਨੂੰ ਇਨਾਮ ਅਤੇ ਮਾਹਿਰਾਂ ਦੇ ਭਾਸ਼ਣ ਹੋਣੇ ਸਨ।

ਹੁਣ ਅਗਲਾ ਮਸਲਾ ਸੀ ਕਿ ਮੇਲੇ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਕਿਵੇਂ ਪ੍ਰੇਰਿਤ ਕੀਤਾ ਜਾਵੇ। ਇਹ ਫ਼ੈਸਲਾ ਹੋਇਆ ਕਿ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਡੀ ਪੀ ਓ ਦੀ ਇੱਕ ਅਹਿਮ ਮੀਟਿੰਗ ਬੁਲਾਈ ਜਾਵੇ ਜਿਸ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਸ੍ਰੀ ਪੀ ਐਨ ਥਾਪਰ ਕਰਨਗੇ। ਜਿਹੜੇ ਆਪ ਵੀ ਇਕ ਆਈ ਸੀ ਐਸ (ਰਿਟਾ.) ਅਫ਼ਸਰ ਸਨ। ਡਾਇਰੈਕਟਰ ਸਾਹਿਬ ਵੱਲੋਂ ਸਾਰੇ ਅਫ਼ਸਰਾਂ ਨੂੰ ਨਿੱਜੀ ਚਿੱਠੀਆਂ ਲਿਖੀਆਂ ਗਈਆਂ। ਲਗਭਗ ਸਾਰੇ ਹੀ ਅਫ਼ਸਰ ਇਸ ਮੀਟਿੰਗ ਵਿੱਚ ਪਹੁੰਚੇ। ਸਾਰਿਆਂ ਨੂੰ ਪ੍ਰੋਗਰਾਮ ਪਸੰਦ ਆਇਆ। ਮਾਰਚ ਦੇ ਮਹੀਨੇ ਨੂੰ ਚੁਣਿਆ ਗਿਆ ਕਿਉਂਕਿ ਉਦੋਂ ਮੌਸਮ ਵੀ ਵਧੀਆ ਹੁੰਦਾ ਹੈ ਅਤੇ ਕਿਸਾਨਾਂ ਕੋਲ ਵਿਹਲ ਵੀ ਹੁੰਦੀ ਹੈ। ਇਹ ਵੀ ਫ਼ੈਸਲਾ ਹੋਇਆ ਕਿ ਹਰੇਕ ਬਲਾਕ ਵਿੱਚੋਂ ਅਗਾਂਹਵਧੂ ਕਿਸਾਨਾਂ ਦੀ ਇੱਕ-ਇੱਕ ਬਸ ਲਿਆਉਣ ਦਾ ਯਤਨ ਕੀਤਾ ਜਾਵੇ। ਕੰਪਨੀਆਂ ਨੂੰ ਆਖਿਆ ਗਿਆ ਕਿ ਉਹ ਵੀ ਅਜੇਹੇ ਯਤਨ ਕਰਨ। ਸਾਰੇ ਬਲਾਕ ਸਟਾਫ ਅਤੇ ਖੇਤੀਬਾੜੀ ਮਹਿਕਮੇ ਦੇ ਕਰਮਚਾਰੀਆਂ ਦੀ ਮੇਲੇ ਬਾਰੇ ਪਿੰਡ ਵਿੱਚ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਲਗਾਈ ਗਈ।

ਮੇਲਾ ਬਹੁਤ ਹੀ ਕਾਮਯਾਬ ਰਿਹਾ ਤੇ ਕੋਈ ਦਸ ਕੁ ਹਜ਼ਾਰ ਕਿਸਾਨ ਅਤੇ ਕਿਸਾਨ ਬੀਬੀਆਂ ਮੇਲਾ ਵੇਖਣ ਆਏ। ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਥਾਪਰ ਸਾਹਿਬ ਨੇ ਆਖਿਆ, ''ਹੁਣ ਤੱਕ ਸਾਡੇ ਕੰਮ ਨੂੰ ਵੇਖਣ ਵੱਡੇ ਸਮਝੇ ਜਾਂਦੇ ਲੋਕ ਅਤੇ ਅਫ਼ਸਰ ਸਾਰੀਆਂ ਦੁਨੀਆਂ ਵਿੱਚੋਂ ਆਏ ਹਨ ਪਰ ਅਜ ਪਹਿਲੀ ਵਾਰ ਸਾਡੇ ਅਸਲੀ ਮਾਲਕ ਤੁਸੀਂ ਸਾਡਾ ਕੰਮ ਵੇਖਣ ਆਏ ਹੋ। ਤੁਸੀਂ ਸਾਡੇ ਮਾਲਕ ਹੋ ਅਤੇ ਅਸੀਂ ਪੂਰੀ ਇਮਾਨਦਾਰੀ ਨਾਲ ਤੁਹਾਡੇ ਭਲੇ ਲਈ ਯਤਨ ਕਰ ਰਹੇ ਹਾਂ। ਤੁਸੀਂ ਆਪਣੀਆਂ ਸਮੱਸਿਆਵਾਂ ਲੈ ਕੇ ਆਵੋ ਤੁਹਾਡਾ ਖਿੜੇ ਮੱਥੇ ਸਵਾਗਤ ਹੋਵੇਗਾ।'' ਇਹੀ ਸੋਚ ਹੁਣ ਤੱਕ ਕੰਮ ਕਰ ਰਹੀ ਹੈ। ਹੋਰ ਸ਼ਾਇਦ ਹੀ ਕੋਈ ਅਜੇਹੀ ਸੰਸਥਾ ਹੋਵੇਗੀ ਜਿਸ ਦੇ ਆਪਣੇ ਮਾਲਕਾਂ ਭਾਵ ਕਿਸਾਨਾਂ ਨਾਲ ਇਤਨੇ ਨੇੜਲੇ ਸੰਬੰਧ ਹੋਣ। ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਕਿਸਾਨ ਇੱਥੋਂ ਨਵੇਂ ਗਿਆਨ ਦੀ ਪ੍ਰਾਪਤੀ ਲਈ ਆਉਂਦੇ ਹਨ। ਮੇਲੇ ਦੀ ਕਾਮਯਾਬੀ ਤੋਂ ਪਿੱਛਿਂ ਯੂਨੀਵਰਸਿਟੀ ਨੇ ਮੈਨੂੰ ਦੋ ਅਗਾਊਂ ਤਰਕੀਆਂ ਦੇ ਦਿੱਤੀਆਂ। ਅਗਲੇ ਸਾਲ ਸਾਨੂੰ ਬਹੁਤ ਕੋਸ਼ਿਸ਼ ਨਹੀਂ ਕਰਨੀ ਪਈ ਆਪਣੇ ਆਪ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਮੇਲਾ ਵੇਖਣ ਆਏ। ਉਨ੍ਹਾਂ ਨੇ ਕਣਕ ਦੇ ਨਵੇਂ ਬੀਜ ਦਾ ਚਮਤਕਾਰ ਵੇਖ ਲਿਆ ਸੀ ਤੇ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਇਹ ਸੰਸਥਾ ਸਾਡੇ ਭਲੇ ਲਈ ਕੰਮ ਕਰ ਰਹੀ ਹੈ। ਇਸ ਦੇ ਨਾਲ ਹੀ ਵਿਗਿਆਨ ਉੱਤੇ ਭਰੋਸਾ ਹੋ ਗਿਆ।



ਡਾ. ਰਣਜੀਤ ਸਿੰਘ

ਅਗਲੇ ਸਾਲ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਆ ਗਈਆਂ। ਪਿੰਡਾਂ ਵਿੱਚ ਬਿਜਲੀ ਆਉਣ ਨਾਲ ਟਿਊਬਵੈਲ ਲੱਗ ਗਏ ਤੇ ਸਿੰਚਾਈ ਹੇਠ ਰਕਬੇ ਵਿੱਚ ਵਾਧਾ ਹੋਇਆ। ਪਹਿਲਾਂ ਸਾਉਣੀ ਵਿੱਚ ਬਹੁਤ ਘੱਟ ਰਕਬੇ ਵਿੱਚ ਫ਼ਸਲਾਂ ਦੀ ਕਾਸ਼ਤ ਕੀਤੀ ਜਾਂਦੀ ਸੀ ਪਰ ਸਿੰਚਾਈ ਦੀ ਸਹੂਲਤ ਨੇ ਸਾਰੀ ਧਰਤੀ ਦੋ ਫ਼ਸਲੀ ਕਰ ਦਿੱਤੀ। ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਇਆ ਤੇ ਪਿੰਡਾਂ ਦੀ ਸ਼ਕਲ ਹੀ ਬਦਲ ਗਈ। ਲੋਕਾਂ ਦੇ ਰਹਿਣ-ਸਹਿਣ ਦੇ ਢੰਗ ਤਰੀਕੇ ਵੀ ਨਵੇਂ ਹੋ ਗਏ। ਜਿਸ ਤੇਜ਼ੀ ਨਾਲ ਪੰਜਾਬ ਵਿੱਚ ਸਮਾਜਿਕ ਅਤੇ ਆਰਥਿਕ ਤਬਦੀਲੀ ਆਈ ਅਜਿਹਾ ਅੱਜ ਤੱਕ ਸੰਸਾਰ ਦੇ ਹੋਰ ਕਿਸੇ ਖਿੱਤੇ ਵਿੱਚ ਨਹੀਂ ਹੋਇਆ। ਕਿਸਾਨਾਂ ਦੀ ਸਹੂਲਤ ਲਈ ਯੂਨੀਵਰਸਿਟੀ ਵੱਲੋਂ ਖੇਤਰੀ ਮੇਲੇ ਵੀ ਸ਼ੁਰੂ ਕੀਤੇ ਗਏ ਸਨ ਤਾਂ ਜੋ ਜਿਹੜੇ ਕਿਸਾਨ ਲੁਧਿਆਣੇ ਨਹੀਂ ਆ ਸਕਦੇ ਉਹ ਇਨ੍ਹਾਂ ਮੇਲਿਆਂ ਵਿੱਚ ਜਾ ਸਕਦੇ ਹਨ। ਇਹ ਮੇਲੇ ਗੁਰਦਾਸਪਰ, ਬਲੋਵਾਲ ਸੌਂਕੜੀ (ਨੇੜੇ ਬਲਾਚੌਰ) ਪਟਿਆਲਾ, ਫਰੀਦਕੋਟ, ਬਠਿੰਡਾ ਅਤੇ ਅੰਮ੍ਰਿਤਸਰ ਨੇੜੇ ਸਾਲ ਵਿੱਚ ਦੋ ਵਾਰ ਮਾਰਚ ਅਤੇ ਸਤੰਬਰ ਦੇ ਮਹੀਨਿਆਂ ਵਿੱਚ ਲਗਾਏ ਜਾਂਦੇ ਹਨ। ਇੰਝ ਹਰ ਸਾਲ ਲੱਖਾਂ ਕਿਸਾਨ ਯੂਨੀਵਰਸਿਟੀਆਂ ਵਿੱਚ ਨਵੇਂ ਗਿਆਨ ਦੀ ਭਾਲ ਵਿੱਚ ਆਉਂਦੇ ਹਨ। ਅਜੇਹਾ ਹੋਰ ਕਿਸੇ ਸੰਸਥਾ ਵਿੱਚ ਨਹੀਂ ਹੁੰਦਾ। ਇਸੇ ਕਰਕੇ ਇਹ ਦੇਸ਼ ਦੀ ਸਭ ਤੋਂ ਵਧੀਆ ਖੇਤੀ ਯੂਨੀਵਰਸਿਟੀ ਮੰਨੀ ਜਾਂਦੀ ਹੈ ਅਤੇ ਇਸ ਦਾ ਸ਼ੁਮਾਰ ਸੰਸਾਰ ਦੀਆਂ ਪਹਲੀਆਂ 100 ਖੇਤੀ ਸੰਸਥਾਵਾਂ ਵਿੱਚ ਹੋ ਗਿਆ ਹੈ। ਕਿਸਾਨਾਂ ਦੀ ਇਸ ਤਾਂਘ ਕਾਰਨ ਹੀ ਵਿਗਿਆਨੀ ਕੋਸ਼ਿਸ਼ ਕਰਦੇ ਹਨ ਕਿ ਹਰ ਸਾਲ ਮੇਲੇ ਸਮੇਂ ਕਿਸਾਨਾਂ ਦੀ ਝੋਲੀ ਵਿੱਚ ਕੋਈ ਨਵੀਂ ਖੋਜ ਪਾਈ ਜਾਵੇ ਤਾਂ ਜੋ ਉਨ੍ਹਾਂ ਨੂੰ ਨਿਰਾਸ਼ਤਾ ਨਾ ਹੋਵੇ। ਇੰਝ ਇਹ ਗਿਆਨ ਪ੍ਰਾਪਤੀ ਦਾ ਸਭ ਤੋਂ ਵੱਡਾ ਸੋਮਾ ਬਣ ਗਈ ਹੈ। ਗਿਆਨ ਪ੍ਰਾਪਤੀ ਅਤੇ ਖੇਤੀ ਵਿੱਚ ਇਸ ਦੀ ਵਰਤੋਂ ਨੇ ਪੰਜਾਬ ਨੂੰ ਦੇਸ਼ ਦਾ ਅੰਨ ਭੰਡਾਰ ਬਣਾ ਦਿੱਤਾ, ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਇਆ ਤੇ ਪੰਜਾਬ ਦੇਸ਼ ਦਾ ਸਭ ਤੋਂ ਵੱਧ ਅਤੇ ਖੁਸ਼ਹਾਲ ਸੂਬਾ ਬਣ ਗਿਆ। ਪਰ ਪਿਛਲੀ ਅੱਧੀ ਸਦੀ ਤੋਂ ਕਿਸਾਨਾਂ ਦੀ ਆਮਦਨ ਵਿੱਚ ਖੜੋਤ ਆ ਗਈ ਹੈ। ਇਸ ਦੇ ਦੋ ਮੁੱਖ ਕਾਰਨ ਹਨ ਪਹਿਲਾਂ ਖੇਤੀ ਜੋਤਾਂ ਦਾ ਅਕਾਰ ਘਟ ਹੋਣਾ। ਅਜਾਦੀ ਸਮੇਂ ਜਿਹੜੇ ਪਰਿਵਾਰ ਮੁਰੱਬਿਆਂ ਦੇ ਮਾਲਕ ਸਨ ਹੁਣ ਉਨ੍ਹਾਂ ਦੀ ਤੀਜੀ ਪੀੜ੍ਹੀ ਪਰਿਵਾਰਿਕ ਵੰਡੀਆਂ ਪੈਣ ਨਾਲ ਛੋਟੇ ਕਿਸਾਨਾਂ ਦੀ ਗਿਣਤੀ ਵਿੱਚ ਆ ਗਈ ਹੈ। ਘਰ ਦਾ ਚੁੱਲ੍ਹਾ ਮੱਘਦਾ ਰੱਖਣ ਲਈ ਹੁਣ ਉਨ੍ਹਾਂ ਨੂੰ ਮਹਿੰਗੀ ਦਰ ਉੱਤੇ ਜ਼ਮੀਨ ਠੇਕੇ ਉੱਤੇ ਲੈਣੀ ਪੈਂਦੀ ਹੈ। ਪੰਜਾਬ ਵਿੱਚ ਪਿਛਲੀ ਅੱਧੀ ਸਦੀ ਤੋਂ ਕਣਕ ਝੋਨਾ ਹੀ ਪੰਜਾਬ ਵਿੱਚ ਮੁੱਖ ਫ਼ਸਲ ਚੱਕਰ ਹੈ। ਇਨ੍ਹਾਂ ਫ਼ਸਲਾਂ ਦੇ ਝਾੜ ਵਿੱਚ ਪਿਛਲੇ ਸਾਲ ਦੌਰਾਨ ਕੋਈ ਵਿਸ਼ੇਸ਼ ਵਾਧਾ ਨਹੀਂ ਹੋਇਆ ਹੈ। ਕਿਸਾਨ ਦੀ ਉਪਜ ਦੇ ਮੁੱਲ ਵਿੱਚ ਵੱਧ ਰਹੀ ਮਹਿੰਗਾਈ ਦੀ ਦਰ ਅਨੁਸਾਰ ਵਾਧਾ ਨਹੀਂ ਹੋਇਆ। ਇੰਝ ਉਸ ਦੀ ਸ਼ੁੱਧ ਆਮਦਨ ਹਰ ਸਾਲ ਘੱਟ ਰਹੀ ਹੈ। ਆਧੁਨਿਕਤਾ ਦੇ ਪ੍ਰਭਾਵ ਹੇਠ ਲੋਕਾਂ ਦੇ ਖਰਚਿਆਂ ਵਿੱਚ ਨਿੱਤ ਵਾਧਾ ਹੋ ਰਿਹਾ ਹੈ। ਪੰਜਾਬੀ ਜਿੱਥੇ ਮਿਹਨਤੀ ਹਨ ਉੱਥੇ ਚੰਗਾ ਖਾਂਦੇ ਪੀਂਦੇ, ਪਹਿਨਦੇ ਅਤੇ ਰਹਿੰਦੇ ਹਨ। ਧਰਤੀ ਹੇਠਲਾ ਪਾਣੀ ਘਟ ਰਿਹਾ ਹੈ। ਸਾਡੀ ਧਰਤੀ, ਪਾਣੀ ਅਤੇ ਹਵਾ ਪ੍ਰਦੂਸ਼ਿਤ ਹੋ ਰਹੇ ਹਨ। ਕਣਕ ਝੋਨੇ ਦੇ ਫ਼ਸਲ ਚਕਰ ਵਿੱਚ ਕਿਸਾਨ ਸਾਲ ਦਾ ਬਹੁਤਾ ਹਿੱਸਾ ਵਿਹਲਾ ਹੀ ਰਹਿੰਦਾ ਹੈ। ਵਿਹਲਾ ਦਿਮਾਗ ਗਲਤ ਪਾਸੇ ਵੀ ਸੋਚਣਾ ਸ਼ੁਰੂ ਕਰ ਦਿੰਦਾ ਹੈ।

ਯੂਨੀਵਰਸਿਟੀ ਵੱਲੋਂ ਆਪਣੀ ਖੋਜ ਦਾ ਰੁਖ ਹੁਣ ਇਨ੍ਹਾਂ ਸਮੱਸਿਆਵਾਂ ਦਾ ਹੱਲ ਲੱਭਣ ਵਲ ਮੋੜਿਆ ਹੈ। ਕਿਸਾਨ ਦੀ ਆਮਦਨ ਵਿੱਚ ਸ਼ੁੱਧ ਵਾਧਾ ਕਿਵੇਂ ਹੋਵੇ ਇਸ ਬਾਰੇ ਸੋਚਿਆ ਜਾ ਰਿਹਾ ਹੈ। ਧਰਤੀ ਹੇਠਲਾ ਪਾਣੀ ਦੀ ਬਚਤ ਲਈ ਘੱਟ ਸਮੇਂ ਵਿੱਚ ਪੱਕਣ ਅਤੇ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਧਰਤੀ ਹੇਠਲੇ ਪਾਣੀ ਦੀ ਬਚਤ ਹੋ ਸਕੇ। ਕਿਸਾਨ ਦੀ ਆਮਦਨ ਵਿੱਚ ਵਾਧੇ ਦਾ ਦੂਸਰਾ ਢੰਗ ਹੈ ਕਿ ਉਹ ਆਪਣੀ ਉਪਜ ਦੀ ਖ਼ਪਤਕਾਰ ਨੂੰ ਸਿੱਧੀ ਵਿਕਰੀ ਕਰੇ ਕਿਉਂਕਿ ਕਿਸਾਨ ਨੂੰ ਮਿਲਣ ਵਾਲੇ ਪੈਸੇ ਤੋਂ ਵੱਧ ਵਿਚੋਲੇ ਮੁਨਾਫ਼ਾ ਕਮਾ ਲੈਂਦੇ ਹਨ। ਜੇਕਰ ਉਪਜ ਦਾ ਪਦਾਰਥੀਕਰਨ ਕਰਕੇ ਵੇਚਿਆ ਜਾਵੇ ਤਾਂ ਹੋਰ ਵੀ ਲਾਭ ਹੋ ਸਕਦਾ ਹੈ। ਘਰੇਗੀ ਪੱਧਰ ਉੱਤੇ ਪਦਾਰਥੀਕਰਨ ਵਾਲੀਆਂ ਮਸ਼ੀਨਾਂ ਦਾ ਪ੍ਰਦਰਸ਼ਨ ਵੀ ਇਸ ਵਾਰ ਮੇਲੇ ਵਿੱਚ ਕੀਤਾ ਜਾਵੇਗਾ। ਕਿਸਾਨਾਂ ਨੂੰ ਵਿਗਿਆਨ ਦੇ ਨਵੇਂ ਚਮਤਕਾਰ ਵੀ ਵੇਖਣ ਨੂੰ ਮਿਲਣਗੇ। ਕਿਸਾਨ ਟ੍ਰੈਕਟਰ ਉਤੇ ਵਾਹੀ ਦਾ ਪ੍ਰੋਗਰਾਮ ਸੈਟ ਕਰਕੇ ਆਪ ਅਰਾਮ ਨਾਲ ਮੰਜੀ ਡਾਹ ਕੇ ਬੈਠ ਜਾਵੇਗਾ ਅਤੇ ਟ੍ਰੈਕਟਰ ਆਪਣੇ ਆਪ ਵਾਹੀ ਕਰ ਦੇਵੇਗਾ। ਇਸੇ ਤਰ੍ਹਾਂ ਝੋਨੇ ਦੀ ਪਨੀਰੀ ਲਗਾਉਣਾ ਔਖਾ ਸਮਝਿਆ ਜਾਂਦਾ ਹੈ। ਧੁੱਪੇ, ਚਿੱਕੜ ਵਿੱਚ ਵੜ ਕੇ ਪਨੀਰੀ ਲਗਾਉਣਾ ਔਖਾ ਹੈ। ਯੂਨੀਵਰਸਿਟੀ ਵੱਲੋਂ ਪਨੀਰੀ ਲਗਾਉਣ ਵਾਲੀ ਅਜਿਹੀ ਮਸ਼ੀਨ ਤਿਆਰ ਕੀਤੀ ਗਈ ਹੈ ਕਿ ਉਸ ਵਿੱਚ ਵੀ ਪ੍ਰੋਗਰਾਮ ਸੈਟ ਕਰਕੇ ਆਪ ਛਾਂਵੇਂ ਬੈਠੋ ਅਤੇ ਮਸ਼ੀਨ ਆਪਣੇ ਆਪ ਪਨੀਰੀ ਲੱਗਾ ਦੇਵੇਗੀ। ਸਿੰਚਾਈ ਨੂੰ ਵੀ ਸੌਖਾ ਅਤੇ ਕਿਫ਼ਾਇਤੀ ਕੀਤਾ ਗਿਆ ਹੈ। ਖੇਤ ਵਿੱਚ ਲੱਗੇ ਸੈਂਸਰ ਆਪਣੇ ਆਪ ਫ਼ਸਲ ਦੀ ਪਾਣੀ ਦੀ ਲੋੜ ਅਨੁਸਾਰ ਪਾਣੀ ਲਗਾ ਦੇਵੇਗਾ। ਗਿਆਨ ਵਿਗਿਆਨ ਵਿੱਚ ਵਿਸ਼ਵਾਸ਼ ਕਰਨਾ ਇਸ ਯੂਨੀਵਰਸਿਟੀ ਨੇ ਹੀ ਸਿਖਾਇਆ ਹੈ। ਇਸ ਵਾਰ ਵਿਗਿਆਨ ਦੇ ਨਵੇਂ ਚਮਤਕਾਰ ਵੇਖਣ ਨੂੰ ਮਿਲਣਗੇ।

ਪੰਜਾਬ ਵਿੱਚ ਰੁੱਖਾਂ ਦੀ ਬਹੁਤ ਲੋੜ ਹੈ। ਸਤੰਬਰ ਵਿੱਚ ਵੀ ਨਵੇਂ ਬੂਟੇ ਲਗਾਏ ਜਾ ਸਕਦੇ ਹਨ। ਕੁਝ ਫੁੱਲਾਂ ਦੇ ਬੂਟੇ ਜ਼ਰੂਰ ਲੈ ਕੇ ਜਾਣਾ ਅਤੇ ਆਪਣੀ ਬੰਬੀ ਲਾਗੇ ਲਗਾਉਣੇ। ਬਿਨਾਂ ਮਸਾਲੇ ਤੋਂ ਪੱਕੇ ਤਾਜੇ ਫ਼ਲ ਹੀ ਖੁਰਾਕੀ ਤੱਤਾਂ ਨਾਲ ਭਰਪੂਰ ਹੁੰਦੇ ਹਨ। ਕਿਸਾਨਾਂ ਨੇ ਸਬਜ਼ੀਆਂ ਉਗਾਉਣੀਆਂ ਬਹੁਤ ਘੱਟ ਕਰ ਦਿੱਤੀਆਂ ਹਨ। ਇਸੇ ਤਰ੍ਹਾਂ ਦੁਧਾਰੂ ਪਸ਼ੂ ਵੀ ਰੱਖਣੇ ਬੰਦ ਕਰ ਦਿੱਤੇ ਹਨ। ਇਸੇ ਕਰਕੇ ਪੰਜਾਬੀ ਵੀ ਕੁਪੋਸ਼ਣ ਦੇ ਸ਼ਿਕਾਰ ਹੋ ਰਹੇ ਹਨ। ਬਜ਼ਾਰ ਤੋਂ ਦੁੱਧ ਸਬਜ਼ੀਆਂ ਲੈ ਕੇ ਖਾਣੀਆਂ ਜਿੱਥੇ ਔਖੀਆਂ ਹਨ ਉੱਥੇ ਉਨ੍ਹਾਂ ਦੀ ਸ਼ੁੱਧਤਾ ਵੀ ਸ਼ੱਕ ਦੇ ਘੇਰੇ ਵਿੱਚ ਆ ਜਾਂਦੀ ਹੈ। ਘਰ ਬਗੀਚੀ ਲਈ ਹਾੜੀ ਦੀਆਂ ਸਬਜ਼ੀਆਂ ਦੇ ਬੀਜਾਂ ਦੀ ਕਿੱਟ ਜ਼ਰੂਰ ਲੈ ਕੇ ਜਾਣੀ। ਮੇਲੇ ਦੇ ਰਾਹ ਉੱਤੇ ਹੀ ਦੁਧਾਰੂ ਪਸ਼ੂ ਨੂੰ ਵੀ ਵੇਖੋ ਅਤੇ ਮੁੜ ਪਸ਼ੂ ਪਾਲਣ ਦਾ ਯਤਨ ਕਰੋ। ਦੁੱਧ, ਦਹੀ, ਮੱਖਣ ਅਤੇ ਦੇਸੀ ਘੀ ਪੰਜਾਬੀਆਂ ਦੀ ਖੁਰਾਕ ਦਾ ਅਟੁੱਟ ਅੰਗ ਹਨ। ਇਨ੍ਹਾਂ ਵੱਲ ਮੋੜਾ ਪਾਵੋ ਅਤੇ ਹੱਥੀਂ ਕੰਮ ਕਰਨ ਦੀ ਆਦਤ ਵੀ ਪਾਵੋ। ਯੂਨੀਵਰਸਿਟੀ ਨੂੰ ਵੀ ਚਾਹੀਦਾ ਹੈ ਕਿ ਮੇਲੇ ਦੀ ਮੁੱਖ ਆਕਰਸ਼ਣਾਂ ਦੀ ਪ੍ਰਦਰਸ਼ਨੀ ਕਿੱਥੇ ਹੈ ਇਸ ਬਾਰੇ ਪ੍ਰਮੁੱਖ ਥਾਵਾਂ ਉੱਤੇ ਜਾਣਕਾਰੀ ਜ਼ਰੂਰ ਦੇਵੋ ਤਾਂ ਜੋ ਆਏ ਕਿਸਾਨ ਇਹ ਗਿਆਨ ਪ੍ਰਾਪਤ ਕਰ ਸਕਣ। ਕਿਸਾਨ ਬੀਬੀਆਂ ਦਾ ਮੇਲੇ ਵਿੱਚ ਆਉਣਾ ਜ਼ਰੂਰੀ ਹੈ। ਆਮ ਕਰਕੇ ਪਸ਼ੂਆਂ ਅਤੇ ਸਬਜ਼ੀਆਂ ਵਲ ਬਹੁਤ ਧਿਆਨ ਉਹ ਹੀ ਦਿੰਦੀਆਂ ਹਨ। ਇੱਥੋਂ ਕਮਿਊਨਿਟੀ ਕਾਲਜ ਵੱਲੋਂ ਬੀਬੀਆਂ ਲਈ ਬਹੁਤ ਹੀ ਉਪਯੋਗੀ ਜਾਣਕਾਰੀ ਦਿੱਤੀ ਜਾਂਦੀ ਹੈ। ਉਸ ਦਾ ਲਾਭ ਉਠਾਵੋ। ਹੁੰਮ-ਹੁੰਮਾ ਕੇ ਮੇਲੇ ਵਿੱਚ ਆਵੋ ਅਤੇ ਨਵੇਂ ਗਿਆਨ ਨਾਲ ਝੋਲੀਆਂ ਭਰ ਕੇ ਜਾਵੋ। ਇਸ ਵਾਰ 26-27 ਸਤੰਬਰ ਨੂੰ ਲੁਧਿਆਣੇ ਮੇਲਾ ਭਰੇਗਾ।

**ਹਰ ਸਾਲ ਆਉਂਦੀਆਂ ਅਜਿਹੀਆਂ ਆਫ਼ਤਾਂ ਨਾਲ ਨਜਿੱਠਣ ਲਈ ਯੋਜਨਾਵਾਂ ਬਣਨੀਆਂ ਚਾਹੀਦੀਆਂ ਹਨ । ਜਦੋਂ ਸਟੇਟ / ਰਿਆਸਤ ਲਾਮਬੰਦ ਹੁੰਦੀ ਹੈ ਤਾਂ ਇਹ ਬਹੁਤ ਵੱਡੇ ਕਾਰਨਾਮੇ ਕਰਨ ਦੇ ਸਮਰੱਥ ਹੁੰਦੀ ਹੈ ।**






# ਆਫ਼ਤਾਂ ਦੀ ਮਾਰ ਅਤੇ ਕੌਮੀ ਇੱਕਜੁੱਟਤਾ

ਕੋਈ ਵੀ ਚੋਣ ਹੋਵੇ- ਸੰਸਦੀ, ਵਿਧਾਨ ਸਭਾ, ਨਗਰ ਨਿਗਮ ਜਾਂ ਪੰਚਾਇਤੀ ਨੇਪਰੇ ਚੜ੍ਹਨ ਤੋਂ ਪਹਿਲਾਂ ਆਪਣੇ ਨਾਲ ਕਈ ਬੈਠਕਾਂ (ਸੰਸਦੀ ਕਮੇਟੀਆਂ, ਕਾਰਜਕਾਰੀ ਕਮੇਟੀਆਂ, ਚੋਣ ਕਮੇਟੀਆਂ ਆਦਿ) ਦਾ ਸਿਲਸਿਲਾ ਲੈ ਕੇ ਆਉਂਦੀ ਹੈ। ਨਿਗਰਾਨਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ ਅਤੇ ਯੂਥ ਪੱਧਰ ਤੱਕ ਚੋਣ ਪ੍ਰਬੰਧਕਾਂ ਨੂੰ ਨਾਲ ਲਿਆ ਜਾਂਦਾ ਹੈ; ਕੇਂਦਰੀ ਨੇਤਾ ਰਾਜਾਂ ਵਿੱਚ ਆਉਂਦੇ ਹਨ, ਰਾਜ ਦੇ ਸਿਆਸਤਦਾਨ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰੀ ਨੇਤਾ ਪੰਚਾਇਤਾਂ ਵਿੱਚ ਪਹੁੰਚਦੇ ਹਨ । ਚੋਣਾਂ ਦਾ ਇਹ ਉਤਸਵ ਸ਼ਾਨਦਾਰ ਯੋਜਨਾਬੰਦੀ ਨਾਲ ਅੱਗੇ ਵਧਦਾ ਹੈ, ਵਾਰ ਰੂਮ ਬਣਦੇ ਹਨ, ਕਾਡਰ ਲਾਮਬੰਦ ਕੀਤਾ ਜਾਂਦਾ ਹੈ, ਹੈਰਾਨੀਜਨਕ ਕੰਪਿਊਟਿੰਗ ਸ਼ਕਤੀ ਅਤੇ ਅੰਕੜਿਆਂ ਨਾਲ ਲੈਸ ਚੋਣ ਵਿਸ਼ਲੇਸ਼ਕ ਸਰਗਰਮ ਕੀਤੇ ਜਾਂਦੇ ਹਨ । ਅੱਜ ਕੱਲ੍ਹ ਤਾਂ ਨੌਕਰਸ਼ਾਹੀ ਵੀ ਖੁਲ੍ਹੇਆਮ ਵਿੱਚ ਰਲ ਜਾਂਦੀ ਹੈ ਅਤੇ ਅਖ਼ੀਰ ਵਿੱਚ ਸਾਨੂੰ ਆਪਣੇ ਸਭ ਤੋਂ ਵਧੀਆ ਤੇ ਸਿਆਣੇ ਲੋਕਾਂ ਨੂੰ ਕੰਮ ਕਰਦਿਆਂ ਦੇਖਣ ਦਾ ਮੌਕਾ ਮਿਲਦਾ ਹੈ । ਬੇਸ਼ੱਕ, ਇਸ ਸਭ ਦੇ ਨਾਲ ਪੈਸੇ ਤੇ ਬੇਹੂਦਗੀ ਦਾ ਮੁਜ਼ਾਹਰਾ ਵੀ ਹੁੰਦਾ ਹੈ ਜਿਹੜਾ ਹਰ ਵਾਰ ਆਪਣੇ ਪਹਿਲੇ ਰਿਕਾਰਡ ਤੋੜ ਦਿੰਦਾ ਹੈ ।

ਮੁੱਕਦੀ ਗੱਲ, ਸਾਰੀਆਂ ਪਾਰਟੀਆਂ ਦੀ ਲੀਡਰਸ਼ਿਪ ਪੂਰੀ ਸਰਗਰਮੀ ਨਾਲ ਵਿਚਰਦੀ ਨਜ਼ਰ ਆਉਂਦੀ ਹੈ । ਜੇ ਚੋਣਾਂ ਲਈ ਇਸ ਪੱਧਰ ਦਾ ਇੰਤਜ਼ਾਮ ਸੰਭਵ ਹੈ ਤੇ ਐਨੀ ਵੱਡੀ ਮਾਤਰਾ ਵਿੱਚ ਪੈਸਾ ਖ਼ਰਚਿਆ ਜਾ ਸਕਦਾ ਹੈ ਤਾਂ ਫਿਰ ਪੰਜਾਬ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ ਕਸ਼ਮੀਰ ਵਿੱਚ ਲਗਾਤਾਰ ਆ ਰਹੇ ਹੜ੍ਹਾਂ ਦੌਰਾਨ ਲੱਖਾਂ ਲੋਕ ਸੰਤਾਪ ਕਿਉਂ ਹੰਢਾ ਰਹੇ ਹਨ ।

ਦਰਿਆ ਤੇ ਪਹਾੜੀ ਨਦੀਆਂ ਨਾਲੇ ਕੰਢੇ ਤੋੜ ਰਹੇ ਹਨ, ਹਰ ਥਾਂ ਜ਼ਮੀਨ



ਖਿਸਕ ਰਹੀ ਹੈ, ਸੜਕਾਂ ਰੁੜ੍ਹ ਗਈਆਂ ਹਨ, ਪੁਲ ਬਹਿ ਰਹੇ ਹਨ, ਡੈਮਾਂ ਤੇ ਨਹਿਰਾਂ ਦੀ ਬਦਇੰਤਜ਼ਾਮੀ ਦੇ ਦੋਸ਼ ਲੱਗ ਰਹੇ ਹਨ ਸਾਰਾ ਬੁਨਿਆਦੀ ਜਨਤਕ ਢਾਂਚਾ ਖਸਤਾ ਹਾਲ ਹੈ । ਕੁਦਰਤ ਦਾ ਕਹਿਰ ਹਰ ਜਗ੍ਹਾ ਦਿਖਾਈ ਦੇ ਰਿਹਾ ਹੈ, ਪਰ ਸਿਵਲ ਪ੍ਰਸ਼ਾਸਨ ਦਾ ਮਦਦਗਾਰ ਹੱਥ ਬਸ ਬੁੜਬੁੜਾਉਣ ਤੱਕ ਸੀਮਤ ਹੈ ।

ਹੜ੍ਹ ਚਿਤਾਵਨੀ ਤੋਂ ਬਿਨਾ ਨਹੀਂ ਆਉਂਦੇ; ਇਸ ਵਾਰ, ਖ਼ਾਸ ਤੌਰ ’ਤੇ ਭਾਰਤ ਮੌਸਮ ਵਿਭਾਗ ਬਿਲਕੁਲ ਸਹੀ ਸੀ । ਪੂਰੇ ਜੁਲਾਈ, ਅਗਸਤ, ਇੱਥੋਂ ਤੱਕ ਕਿ ਸਤੰਬਰ ਲਈ ਵੀ ਗੰਭੀਰ ਭਵਿੱਖਬਾਣੀ ਕੀਤੀ ਗਈ ਸੀ ਪਰ ਸਮੇਂ ਸਿਰ ਸੰਗਠਿਤ ਕਾਰਵਾਈ ਦੀ ਘਾਟ ਰਹੀ । ਸੂਬਾ ਸਰਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਜਿਹੀਆਂ ਅਚਨਚੇਤੀ ਸਥਿਤੀਆਂ ਲਈ ਦਿਸ਼ਾ ਨਿਰਦੇਸ਼ ਤੈਅ ਕੀਤੇ ਸਨ ਪਰ ਉਨ੍ਹਾਂ ਨੂੰ ਲਾਗੂ ਕਿਸ ਨੇ ਕਰਨਾ ਸੀ ?

ਕੀ ਇਹ ਵਿਅਕਤੀਗਤ ਅਸਫ਼ਲਤਾ ਸੀ ਜਾਂ ਜੱਥੇਬੰਦਕ, ਜਾਂ ਇਨ੍ਹਾਂ ਸਾਰੇ ਰਾਜਾਂ ਵਿੱਚ ਸਰਕਾਰਾਂ ਦੀ ਸਮੂਹਿਕ ਨਾਕਾਮੀ ? ਕੀ ਜਨਤਕ ਤੌਰ ’ਤੇ ਕੁਝ ਉਪਲਬਧ ਹੈ ? ਸਾਨੂੰ ਦੱਸੋ ਕਿ ਕੋਈ ਤਿਆਰੀ ਕੀਤੀ ਗਈ ਸੀ ? ਕਿਸੇ ਤਰ੍ਹਾਂ ਦੀ ਕਵਾਇਦ ਸੀ ? ਆਫ਼ਤ ਦੇ ਖ਼ਤਰੇ ਵਾਲੇ ਇਲਾਕਿਆਂ ਦੀ ਸ਼ਨਾਖ਼ਤ ਹੋਈ ਸੀ ? ਕੀ ਅਜਿਹੇ ਖੇਤਰਾਂ ਵਿੱਚ ਲੋੜੀਂਦੇ ਬੰਦੇ, ਸਮੱਗਰੀ ਅਤੇ ਹੋਰ ਸਰੋਤ ਉਪਲਬਧ ਸਨ ? ਕੀ ਇਸ ਕੰਮ ਲਈ ਕੋਈ ਅਧਿਕਾਰੀ ਨਿਯੁਕਤ ਕੀਤੇ ਗਏ ਸਨ ? ਕੀ ਕੋਈ ਜ਼ਿਲ੍ਹਾ ਅਤੇ ਸੂਬਾ ਪੱਧਰੀ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਪਰਖ ਕੇ ਦੇਖਿਆ ਗਿਆ ਸੀ ? ਡੈਮਾਂ ਵਿੱਚ ਵਾਧੂ ਪਾਣੀ ਛੱਡਣ ਦੀ ਸੂਰਤ ਵਿੱਚ ਹੇਠਲੇ ਪਿੰਡਾਂ ਲਈ ਚਿਤਾਵਨੀ ਪ੍ਰਣਾਲੀਆਂ ਕੀ ਸਨ ? ਮੈਨੂੰ ਯਕੀਨ ਹੈ ਕਿ ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਨਾਂਹ ਵਿੱਚ ਹੋਣਗੇ ਜਾਂ ਸਪੱਸ਼ਟ ਨਹੀਂ ਹੋਣਗੇ ।

ਇੱਕ ਵਾਰੀ ਜਦੋਂ ਹੜ੍ਹ ਆ ਗਏ ਤਾਂ ਪ੍ਰਤੀਕਿਰਿਆ ਕੀ ਸੀ ? ਕੀ ਇਹ ਸੰਸਥਾਈ ਪ੍ਰਤੀਕਿਰਿਆ ਸੀ ਜਾਂ ਵਿਅਕਤੀਗਤ ਅਧਿਕਾਰੀਆਂ ਦਾ ਬੇਤਰਤੀਬ ਹੁੰਗਾਰਾ, ਜਿਨ੍ਹਾਂ ਵਿੱਚ ਕਾਰਵਾਈ ਦੀ ਸਿਆਣਪ ਅਤੇ ਇਖ਼ਲਾਕੀ ਇਮਾਨਦਾਰੀ ਸੀ ? ਖ਼ਬਰਾਂ ਵੱਲ ਦੇਖੀਏ ਤਾਂ ਨਿਰਾਸ਼ਾ ਦੇ ਮਾਹੌਲ ਵਿੱਚ ਕੁਝ ਗੱਲਾਂ ਚੰਗੀਆਂ



ਗੁਰਬਚਨ ਜਗਤ

ਜਾਪਦੀਆਂ ਹਨ । ਮੈਂ ਜ਼ਿਆਦਾ ਬਚਾਅ ਕਿਸ਼ਤੀਆਂ ਨੂੰ ਇੱਧਰ ਉੱਧਰ ਜਾਂਦੇ ਹੋਏ ਨਹੀਂ ਸੁਣਿਆ ਤੇ ਅਸਮਾਨ ਵੀ ਕਿਸੇ ਤਰ੍ਹਾਂ ਦੀ ਹਲਚਲ ਤੋਂ ਸੱਖਣਾ ਜਾਪ ਰਿਹਾ ਸੀ, ਸਿਵਾਏ ਵਿਰਲੇ ਹੈਲੀਕਾਪਟਰ ਦੇ । ਕੇਂਦਰੀ ਬਲ, ਇੱਥੋਂ ਤੱਕ ਕਿ ਫ਼ੌਜ ਵੀ ਹਰ ਜਗ੍ਹਾ ਮੌਜੂਦ ਹੈ ਅਤੇ ਅਜਿਹੀਆਂ ਅਚਨਚੇਤੀ ਸਥਿਤੀਆਂ ਦੌਰਾਨ ਸਿਵਲ ਪ੍ਰਸ਼ਾਸਨ ਦੀ ਸਹਾਇਤਾ ਲਈ ਬੁਲਾਈ ਜਾ ਸਕਦੀ ਹੈ । ਅਸਲ ਵਿੱਚ, ਫ਼ੌਜ ਦੀਆਂ ਟੁਕੜੀਆਂ ਅਜਿਹੇ ਉਦੇਸ਼ਾਂ ਲਈ ਨਿਰਧਾਰਿਤ ਹੁੰਦੀਆਂ ਹਨ ਅਤੇ ਸਿਵਲ ਪ੍ਰਸ਼ਾਸਨ ਨੇ ਉਨ੍ਹਾਂ ਨਾਲ ਤਾਲਮੇਲ ਕਰਨਾ ਹੁੰਦਾ ਹੈ ।

ਮਾਮਲੇ ਦਾ ਸਾਰ ਇਹ ਹੈ ਕਿ ਹਰ ਸਾਲ ਆਉਂਦੀਆਂ ਅਜਿਹੀਆਂ ਆਫ਼ਤਾਂ ਨਾਲ ਨਜਿੱਠਣ ਲਈ ਯੋਜਨਾਵਾਂ ਬਣਨੀਆਂ ਚਾਹੀਦੀਆਂ ਹਨ, ਖ਼ਾਸ ਕਰ ਕੇ ਜਦੋਂ ਮੌਸਮ ਵਿਭਾਗ ਦੀ ਭਵਿੱਖਬਾਣੀ ਇੰਨੀ ਸਹੀ ਹੋਵੇ । ਅਰਥਪੂਰਨ ਸਰਕਾਰੀ ਹੁੰਗਾਰੇ ਦੀ ਅਣਹੋਂਦ ਵਿੱਚ, ਇਹ ਕੰਮ ਨਾਗਰਿਕ ਸੰਗਠਨਾਂ ’ਤੇ ਛੱਡ ਦਿੱਤਾ ਗਿਆ ਕਿਉਂਕਿ ਲੋਕਾਂ ਦਾ ਜੀਵਨ ਤੇ ਰੋਜ਼ੀ ਰੋਟੀ ਕੁਦਰਤ ਦੇ ਕਹਿਰ ਵਿਰੁੱਧ ਬਚਾਅ ਪ੍ਰਣਾਲੀ ਖੜ੍ਹਾ ਕਰਨ ’ਤੇ ਨਿਰਭਰ ਕਰਦੇ ਸਨ । ਪਿੰਡ ਵਾਸੀਆਂ ਨੇਫੌਰੀ ਸਮੱਸਿਆਵਾਂ ਨਾਲ ਲੜਨ ਲਈ ਆਪਣੇ ਆਪ ਨੂੰ ਸੰਗਠਿਤ ਕੀਤਾ । ਉਨ੍ਹਾਂ ਆਪਣੇ ਪਰਿਵਾਰਾਂ, ਘਰਾਂ, ਪਸ਼ੂਆਂ ਨੂੰ ਬਚਾਉਣਾ ਸੀ, ਉਨ੍ਹਾਂ ਨੂੰ ਨਿਹੱਥੇ, ਖ਼ਰਾਬ ਮੌਸਮ ਦਾ ਸਾਹਮਣਾ ਕਰਦਿਆਂ ਤੇ ਧਾਰਮਿਕ ਭਾਵਨਾਵਾਂ ਵਿੱਚ ਭਿੱਜੇ ਗੀਤ ਗਾਉਦਿਆਂ ਦੇਖਣਾ ਸੱਚਮੁੱਚ ਬਹੁਤ ਉਤਸ਼ਾਹਜਨਕ ਸੀ । ਇਹ ਉਹ ਬੰਦੇ ਹਨ, ਜਿਨ੍ਹਾਂ ਨੂੰ ਸਾਨੂੰ ਕੌਮੀ ਖਜ਼ਾਨੇ ਵਾਂਗੂ ਬਚਾਉਣਾ ਚਾਹੀਦਾ ਹੈ, ਅਜਿਹੇ ਮਾਨਵੀ ਸਰੋਤ ਸੌਖਿਆਂ ਨਹੀਂ ਲੱਭਦੇ ।

ਕੀ ਇਹ ਹਮੇਸ਼ਾ ਹਲਕੀ ਰਾਜਨੀਤੀ ਤੇ ਫੋਟੋਆਂ ਖਿਚਵਾਉਣ ਜੋਗਾ ਹੀ ਰਹੇਗਾ ? ਕੀ ਅਸੀਂ ਰਾਸ਼ਟਰ ਵਜੋਂ ਖੜ੍ਹੇ ਨਹੀਂ ਹੋ ਸਕਦੇ ? ਜਦੋਂ ਸਟੇਟ/ਰਿਆਸਤ ਲਾਮਬੰਦ ਹੁੰਦੀ ਹੈ, ਬਹੁਤ ਵੱਡੇ ਸਰੋਤਾਂ ਦੀ ਕਮਾਨ ਰੱਖਦੀ ਹੈ ਅਤੇ ਬਹੁਤ ਵੱਡੇ ਕਾਰਨਾਮੇ ਕਰਨ ਦੇ ਸਮਰੱਥ ਹੁੰਦੀ ਹੈ । ਲੀਡਰਸ਼ਿਪ ਲੋਕਾਂ ਨੂੰ ਪ੍ਰੇਰਨ ਤੇ ਸਰੋਤਾਂ ਦੇ ਤਾਲਮੇਲ ਬਾਰੇ ਹੀ ਹੈ ਜਦੋਂ ਮੁਸ਼ਕਿਲ ਸਮਾਂ ਆਉਂਦਾ ਹੈ, ਇਸ ਨਾਲ ਨਜਿੱਠਣ ਲਈ ਇਨਸਾਨ ਵੀ ਉੱਠਦਾ ਹੈ । ਇੱਥੇ ਉਹ ਇਨਸਾਨ ਕਿੱਥੇ ਹੈ ਜੋ ਲੋਕਾਂ ਅਤੇ ਇਸ ਦੇਸ਼ ਦੀ ਵਿਸ਼ਾਲ ਦੌਲਤ ਨੂੰ ਤਰਤੀਬ ਵਿੱਚ ਕਰ ਸਕਦਾ ਹੈ ? ਜਾਂ ਕੀ ਅਸੀਂ ‘ਹਲਕੀ ਯੋਗਤਾ ਵਾਲੇ ਨੇਤਾਵਾਂ ਤੇ ਖੋਖ਼ਲੇ ਲੋਕਾਂ’ ਦੇ ਮਗਰ ਲੱਗ ਲੱਗ ਕੇ ਸਰਾਪੇ ਗਏ ਹਾਂ ?

ਸਾਡੇ ਆਜ਼ਾਦੀ ਘੁਲਾਟੀਆਂ ਦਾ ਯੋਗਦਾਨ ਸਾਡੇ ਸਾਰਿਆਂ ਲਈ ਉਦਾਹਰਨ ਹੈ, ਸਭ ਨੂੰ ਦਿੱਸਦਾ ਹੈ ਕਿ ਅਸੀਂ ਅਜਿਹੇ ਆਜ਼ਾਦ ਭਾਰਤ ਦੀ ਸੰਤਾਨ ਹਾਂ ਜੋ ਜ਼ੁਲਮ ਦੇ ਦਮਨ ਤੋਂ ਮੁਕਤ ਹੈ । ਕੀ ਇਹ ਹੋਣਾ ਚਾਹੀਦਾ ਹੈ ਕਿ ਸਾਨੂੰ ਸਾਡੇ ਆਪਣੇ ਲੋਕ ਹੀ ਲੁੱਟਣ ?

ਅੱਜ ਬਹੁਤ ਸਾਰੀਆਂ ਸ਼ਰਾਰਤਾਂ ਚੱਲ ਰਹੀਆਂ ਹਨ, ਅੰਦਰਖਾਤੇ ਵੀ ਤੇ ਸਾਡੀਆਂ ਦੁਸ਼ਮਣ ਤਾਕਤਾਂ ਵੱਲੋਂ ਵੀ ਟੈਰਿਫ ਦੇ ਰੂਪ ਵਿੱਚ ਭੂ-ਰਾਜਨੀਤਕ ਚੁਣੌਤੀਆਂ ਤੋਂ ਲੈ ਕੇ ਪਾਕਿਸਤਾਨ ਦੇ ਪ੍ਰਤਖ ਖ਼ਤਰਿਆਂ ਅਤੇ ਇਸ ਦੁਆਰਾ ਫੈਲਾਏ ਅਤਿਵਾਦ ਤੇ ਸਾਡੇ ਬਾਕੀ ਗੁਆਂਢੀਆਂ ਦੇ ਨਿੱਜੀ ਹਿੱਤਾਂ ਤੱਕ । ਜਲਵਾਯੂ ਤਬਦੀਲੀ ਆਪਣੇ ਹਿਸਾਬ ਦੀ ਬਿਪਤਾ ਲਿਆਈ ਹੈ । ਅਜਿਹੇ ਸਮਿਆਂ ਵਿੱਚ ਇਹ ਮਹੱਤਵਪੂਰਨ ਹੈ ਕਿ ਅਸੀਂ ਇਕੱਠੇ ਹੋਈਏ । ਜੇ ਪੰਜਾਬ ਅਤੇ ਹਿਮਾਚਲ ਅੱਜ ਇਸ ਦਾ ਸਾਹਮਣਾ ਕਰ ਰਹੇ ਹਨ ਤਾਂ ਕੱਲ੍ਹ ਦੱਖਣ ਜਾਂ ਪੱਛਮ ਵਿੱਚ ਕੁਝ ਹੋਰ ਹੋ ਸਕਦਾ ਹੈ । ਦੇਸ਼ ਨੂੰ ਇੱਕ ਹੋ ਕੇ ਜਵਾਬ ਦੇਣਾ ਸਿੱਖਣਾ ਚਾਹੀਦਾ ਹੈ । ਹੜ੍ਹ ਪ੍ਰਭਾਵਿਤ ਖੇਤਰਾਂ ਨੂੰ ਜੰਗੀ ਪੱਧਰ ’ਤੇ ਮੁੜ ਵਸੇਬੇ ਦੀ ਲੋੜ ਹੋਵੇਗੀ । ਘਰ, ਖੇਤ, ਫਾਰਮ, ਪਸ਼ੂ, ਸਾਜ਼-ਸਮਾਨ ਤਬਾਹ ਹੋ ਗਏ ਹਨ ਅਤੇ ਇਸ ਦੇ ਨਾਲ ਰੋਜ਼ੀ ਰੋਟੀ ਦੇ ਸਾਧਨ ਵੀ । ਸਰਕਾਰਾਂ ਅਤੇ ਨਾਗਰਿਕ ਸੰਗਠਨਾਂ ਨੂੰ ਤਬਾਹੀ ਦਾ ਤੁਰੰਤ ਨੋਟਿਸ ਲੈਣਾ ਚਾਹੀਦਾ ਹੈ ਅਤੇ ਤਾਲਮੇਲ ਨਾਲ ਜਵਾਬ ਦੇਣਾ ਚਾਹੀਦਾ ਹੈ ।

ਅੱਜ ਦੇ ਸਮੇਂ, ਜ਼ਿਆਦਾਤਰ ਪੱਛਮੀ ਸੰਸਾਰ ਵਿੱਚ ਕੱਟੜ ਸੱਜੇ ਪੱਖੀ ਵਿਚਾਰਧਾਰਾ ਮੁੜ ਸਿਰ ਚੁੱਕ ਰਹੀ ਹੈ ਅਤੇ ਇਸ ਦੀਆਂ ਸਰਹੱਦਾਂ ਕਠੋਰ ਹੋ ਰਹੀਆਂ ਹਨ । ਜਿਨ੍ਹਾਂ ਨੌਜਵਾਨਾਂ ਨੇ ਪਰਵਾਸ ’ਤੇ ਆਪਣੀਆਂ ਉਮੀਦਾਂ ਲਾਈਆਂ ਸਨ, ਉਹ ਸ਼ਾਇਦ ਉਸ ਭਰਮ ਨੂੰ ਫਿੱਕਾ ਪੈਂਦਾ ਦੇਖਣਗੇ ਅਤੇ ਬਹੁਤ ਸਾਰੇ ਆਪਣੇ ਆਪ ਨੂੰ ਵਾਪਸੀ ਦੀ ਉਡਾਣ ਵਿੱਚ ਬੈਠੇ ਤੇ ‘ਪੱਛਮ ਵੱਲ ਭੱਜਣ’ ਦੇ ਮੌਕੇ ਤੋਂ ਖੁੰਝਿਆ ਹੋਇਆ ਪਾਉਣਗੇ । ਉਨ੍ਹਾਂ ਨੂੰ ਇੱਥੇ ਉਮੀਦ ਤੇ ਮੌਕਾ ਲੱਭਣਾ ਚਾਹੀਦਾ ਹੈ ਅਤੇ ਅਸਲੋਂ ਮਹਾਨ ਰਾਸ਼ਟਰ ਦੇ ਨਿਰਮਾਣ ਦਾ ਹਿੱਸਾ ਬਣਨਾ ਚਾਹੀਦਾ ਹੈ ।

ਵਾਪਸ ਆਉਣ ਵਾਲੇ ਨੌਜਵਾਨਾਂ ਦੀ ਵੱਡੀ ਗਿਣਤੀ ਅਤੇ ਪਹਿਲਾਂ ਤੋਂ ਇੱਥੇ ਬੇਰੁਜ਼ਗਾਰ ਬੈਠੇ ਨੌਜਵਾਨਾਂ ਨੂੰ ਹੜ੍ਹਾਂ ਤੇ ਸਰਕਾਰੀ ਨਾਲਾਇਕੀ ਨਾਲ ਤਬਾਹ ਹੋਈ ਜ਼ਮੀਨ ਦਾ ਸਾਹਮਣਾ ਕਰਨਾ ਪਵੇਗਾ । ਮੈਂ ਅਜਿਹੇ ਲੁਟੇਰਿਆਂ ਨੂੰ ਇਨ੍ਹਾਂ ਨੌਜੁਆਨਾਂ ਦੀ ਉਡੀਕ ਵਿੱਚ ਬੈਠੇ ਦੇਖ ਸਕਦਾ ਹਾਂ ਜਿਹੜੇ ਇਨ੍ਹਾਂ ਨੂੰ ਆਪਣੇ ਅਪਰਾਧਕ ਗਰੋਹਾਂ, ਅਤਿਵਾਦੀ ਸੰਗਠਨਾਂ ਲਈ ਵਰਤਣਗੇ । ਸਰਕਾਰ ਨੂੰ ਮੁੜ ਵਸੇਬੇ ਦੇ ਵਿਆਪਕ ਕਾਰਜ ਦਾ ਸਾਹਮਣਾ ਕਰਨਾ ਪਵੇਗਾ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਇਸ ਵੱਡੇ ਸਮੂਹ ਨੂੰ ਜਜ਼ਬ ਕਰਨ ਲਈ ਯੋਜਨਾ ਤਿਆਰ ਕਰਨੀ ਪਵੇਗੀ । ਇਹ ਕੰਮ ਜਵਾਨ ਤੇ ਬੁੱਧੀਮਾਨ ਨੌਕਰਸ਼ਾਹਾਂ ਦੇ ਗਰੁੱਪ ਦੇ ਨਾਲ ਕਾਰਪੋਰੇਟ ਜਗਤ ਵਿੱਚੋਂ ਚੁਣੇ ਗਏ ਵਿਅਕਤੀਆਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਨੂੰ ਤੁਰੰਤ ਲਾਗੂ ਕੀਤਾ ਜਾਣਾ ਚਾਹੀਦਾ ਹੈ । ਸਿਆਸਤਦਾਨਾਂ ਨੂੰ ਇਸ ਕੋਸ਼ਿਸ਼ ਵਿੱਚ ਉਹੀ ਊਰਜਾ ਤੇ ਤਰਕੀਬ ਵਰਤਣੀ ਚਾਹੀਦੀ ਹੈ ਜੋ ਉਹ ਚੋਣਾਂ ਦੌਰਾਨ ਵਰਤਦੇ ਹਨ ।

ਆਖ਼ਿਰੀ ਗੱਲ ਜਲਵਾਯੂ ਤਬਦੀਲੀ ਸਿਰ ’ਤੇ ਹੈ, ਭਾਵੇਂ ਡੋਨਲਡ ਟਰੰਪ ਇਸ ’ਤੇ ਵਿਸ਼ਵਾਸ ਕਰਦਾ ਹੈ ਜਾਂ ਨਹੀਂ । ਵਿਗਿਆਨ ਬਿਨਾਂ ਸ਼ੱਕ ਇਸ ਪਾਸੇ ਸੰਕੇਤ ਕਰ ਰਿਹਾ ਹੈ ਤੇ ਅਸੀਂ ਜ਼ਮੀਨੀ ਪੱਧਰ ’ਤੇ ਇਸ ਤਬਦੀਲੀ ਦੇ ਸਿੱਟੇ ਦੇਖ ਰਹੇ ਹਾਂ ਤੇ ਸਾਹਮਣਾ ਕਰ ਰਹੇ ਹਾਂ । ਅਸੀਂ ਪਹਿਲਾਂ ਹੀ ਬਹੁਤ ਦੇਰ ਕਰ ਚੁੱਕੇ ਹਾਂ, ਪਰ ਅਜੇ ਵੀ ਬਹੁਤ ਕੁਝ ਬਚਾਇਆ ਜਾ ਸਕਦਾ ਹੈ । ਕੀ ਮਨੁੱਖਤਾ ਇੱਕ ਵਾਰ ਲਈ ਇੱਕਜੁੱਟ ਹੋ ਸਕਦੀ ਹੈ ਅਤੇ ਆਪਣੇ ਆਪ ਨੂੰ ਆਉਣ ਵਾਲੀ ਤਬਾਹੀ ਤੋਂ ਬਚਾ ਸਕਦੀ ਹੈ ?

**ਲੇਖਕ ਮਨੀਪੁਰ ਦੇ ਸਾਬਕਾ ਰਾਜਪਾਲ ਅਤੇ ਜੰਮੂ ਕਸ਼ਮੀਰ ਦੇ ਡੀਜੀਪੀ ਰਹਿ ਚੁੱਕੇ ਹਨ**

# ਕੁਦਰਤੀ ਆਫ਼ਤਾਂ ਵਿੱਚ ਮਨੁੱਖੀ ਯੋਗਦਾਨ



**ਕਦੇ ਹੜ੍ਹ, ਕਦੇ ਸੋਕਾ ਅਤੇ ਤਾਪਮਾਨ ਵਿੱਚ ਉਤਰਾਅ-ਚੜ੍ਹਾਅ ਆਉਣ ਨੂੰ ਕੁਦਰਤ ਦੀ ਦੇਣ ਕਿਹਾ ਜਾਂਦਾ ਹੈ। ਅਸਲ ਵਿੱਚ ਜਿਹੜੀ ਗੱਲ ਸਾਡੀ ਸਮਝ ਨਾ ਆਵੇ ਜਾਂ ਜਿਸ ਅੱਗੇ ਅਸੀਂ ਬੇਵੱਸ ਹੋ ਜਾਈਏ, ਉਸ ਨੂੰ ਫਿਰ ਕੁਦਰਤ ਦੀ ਦੇਣ ਕਹਿ ਦਿੰਦੇ ਹਾਂ। ਜਿਵੇਂ-ਜਿਵੇਂ ਆਬਾਦੀ ਵੱਧਦੀ ਗਈ, ਉਸੇ ਤਰ੍ਹਾਂ ਕੁੱਲੀ, ਗੁੱਲੀ ਤੇ ਜੁੱਲੀ ਦੀ ਲੋੜ ਵੀ ਵਧਦੀ ਗਈ। ਮੁੱਢਲੀਆਂ ਲੋੜਾਂ ਤੋਂ ਅੱਗੇ ਦੇਸ਼ ਦੀ 5-6 ਫ਼ੀਸਦੀ ਆਬਾਦੀ ਜੋ ਤਕਰੀਬਨ 7-8 ਕਰੋੜ ਬਣਦੀ ਹੈ, ਕੋਲ ਅਥਾਹ ਧਨ ਹੈ। ਇਹ ਲੋਕ ਆਪਣੀਆਂ ਸੁੱਖ-ਸਹੂਲਤਾਂ ਵਧਾਉਣ ਲਈ ਵੀ ਕੁਦਰਤ ਨਾਲ ਛੇੜਛਾੜ ਕਰਦੇ ਹਨ। ਮਿਸਾਲ ਦੇ ਤੌਰ 'ਤੇ ਗਰਮੀ ਤੇ ਸਰਦੀ ਦੀ ਰੁੱਤ ਦੀਆਂ ਛੁੱਟੀਆਂ ਵਿੱਚ ਪਹਾੜਾਂ ਵੱਲ ਰੁਖ ਕਰਨਾ, ਉੱਥੇ ਜੰਗਲ ਕੱਟ ਕੇ ਰਿਹਾਇਸ਼ਾਂ ਬਣਾਉਣੀਆਂ, ਆਵਾਜਾਈ ਲਈ ਸੜਕਾਂ ਚੌੜੀਆਂ ਕਰਨੀਆਂ, ਪਹਾੜਾਂ ਨੂੰ ਕੱਟਣ ਵਾਸਤੇ ਡਾਇਨਮਾਈਟ ਵਰਤ ਕੇ ਪੂਰਾ ਪਹਾੜ ਹਿਲਾ ਦੇਣਾ ਅਤੇ ਗਰੀਨ ਹਾਊਸ ਗੈਸਾਂ ਵਿੱਚ ਵਾਧਾ ਕਰਕੇ ਤਾਪਮਾਨ ਵਧਾਉਣਾ, ਇਸ ਸਭ ਦੇ ਨਤੀਜੇ ਵਜੋਂ ਹੀ ਬੱਦਲ ਫਟਣ ਤੇ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰਦੀਆਂ ਹਨ। ਇਹ ਸਾਰਾ ਕੁਝ ਮਨੁੱਖੀ ਦਖ਼ਲ ਅੰਦਾਜ਼ੀ ਵਿਰੁੱਧ ਕੁਦਰਤ ਦਾ ਪ੍ਰਤੀਕਰਮ ਹੈ।**

### ਵਧਦਾ ਤਾਪਮਾਨ

ਸਾਇੰਸਦਾਨਾਂ ਮੁਤਾਬਕ 1750 ਈ. ਦੇ ਮੁਕਾਬਲੇ ਵਾਯੂਮੰਡਲ ਦਾ ਤਾਪਮਾਨ 1.10 ਡਿਗਰੀ ਸੈਲਸ਼ੀਅਸ ਵੱਧ ਗਿਆ ਹੈ। ਇਹ ਵੀ ਅਨੁਮਾਨ ਹੈ ਕਿ 2050 ਤੱਕ ਇਹ ਵਾਧਾ 2.0 ਤੱਕ ਪਹੁੰਚ ਜਾਵੇਗਾ, ਜਿਸ ਕਾਰਨ ਗਲੇਸ਼ੀਅਰ ਪਿਘਲਣ ਕਾਰਨ ਸਮੁੰਦਰ ਦਾ ਪਾਣੀ ਵਧੇਗਾ ਤੇ ਸਮੁੰਦਰ ਕਿਨਾਰੇ ਵਸੇ ਸ਼ਹਿਰ ਪਾਣੀ ਵਿੱਚ ਡੁੱਬ ਜਾਣਗੇ। ਭਾਰਤ ਵਿੱਚ ਸਮੁੰਦਰ ਕਿਨਾਰੇ ਤਿੰਨ ਪ੍ਰਮੁੱਖ ਸ਼ਹਿਰ ਹਨ ਮੁੰਬਈ, ਕੋਲਕਾਤਾ ਅਤੇ ਚੇਨਈ। ਤਾਪਮਾਨ ਵੱਧਣ ਦਾ ਮੁੱਖ ਕਾਰਨ ਹੈ ਵਾਯੂਮੰਡਲ ਵਿੱਚ ਗਰੀਨ ਹਾਊਸ ਗੈਸਾਂ ਦਾ ਵੱਧਣਾ। ਹਵਾ ਵਿੱਚ ਮੁੱਖ ਤੌਰ 'ਤੇ ਨਾਈਟ੍ਰੋਜਨ 78%, ਆਕਸੀਜਨ 21%, ਆਰਗੋਨ 0.9% ਅਤੇ ਹੋਰ ਗੈਸਾਂ 0.1% ਹਨ। ਇਸ 0.1% ਵਿੱਚ ਮੁੱਖ ਤੌਰ 'ਤੇ ਕਾਰਬਨ ਡਾਈਆਕਸਾਈਡ, ਮਿਥੇਨ, ਨਾਈਟਰਸ਼ ਆਕਸਾਈਡ ਆਦਿ ਹਨ। ਇਨ੍ਹਾਂ 0.1% ਗੈਸਾਂ ਨੂੰ ਗਰੀਨ ਹਾਊਸ ਗੈਸਾਂ ਕਿਹਾ ਜਾਂਦਾ ਹੈ, ਜੋ ਸੂਰਜੀ ਕਿਰਨਾਂ ਦਾ ਵਕੀਰਨ ਕਰਕੇ ਧਰਤੀ ਨੂੰ ਗਰਮ ਕਰਦੀਆਂ ਹਨ। ਜੇ ਇਹ ਗੈਸਾਂ ਨਾ ਹੋਣ ਤਾਂ ਧਰਤੀ ਦਾ ਔਸਤ ਤਾਪਮਾਨ 18 ਡਿਗਰੀ ਸੈਲਸ਼ੀਅਸ ਤੋਂ ਹੇਠਾਂ ਆ ਜਾਵੇ, ਜਿਹੜਾ ਹੁਣ 15 ਡਿਗਰੀ ਸੈਲਸ਼ੀਅਸ ਹੈ, ਕਿਉਂਕਿ ਇਹ ਗੈਸਾਂ ਧਰਤੀ ਨੂੰ ਬਨਸਪਤੀ ਦੇ ਅਨੁਕੂਲ ਬਣਾਉਂਦੀਆਂ ਹਨ। ਏਸੇ ਕਰਕੇ ਇਨ੍ਹਾਂ ਗੈਸਾਂ ਨੂੰ ਗਰੀਨ ਹਾਊਸ (ਹਰਿਆਵਲ ਵਾਲੀਆਂ) ਗੈਸਾਂ ਕਹਿੰਦੇ ਹਨ। ਪਰ ਦੂਜੇ ਪਾਸੇ ਇਨ੍ਹਾਂ ਗੈਸਾਂ ਦੇ ਵਧਣ ਨਾਲ ਧਰਤੀ 'ਤੇ ਜਲ ਚੱਕਰ (ਹਾਈਡਰਾਲੋਜੀਕਲ ਸਾਈਕਲ) ਦਾ ਸੰਤੁਲਨ ਵਿਗੜਨ ਕਰਕੇ ਵਾਤਾਵਰਨ ਵਿੱਚ ਕਦੇ ਬੱਦਲ ਫਟਦੇ ਹਨ, ਹੜ੍ਹ ਆਉਂਦੇ ਹਨ ਤੇ ਕਦੇ ਸੋਕਾ ਪੈਂਦਾ ਹੈ। ਗਰੀਨ ਹਾਊਸ ਗੈਸਾਂ ਵਧਣ ਦੇ ਮੁੱਖ ਕਾਰਨਾਂ ਵਿੱਚ ਖਣਿਜ ਤੇਲ-ਪੈਟਰੋਲ, ਡੀਜਲ ਅਤੇ ਕੋਲੇ (ਫੌਸਲ ਫਿਊਲ) ਦੀ ਜ਼ਿਆਦਾ ਵਰਤੋਂ, ਪਸ਼ੂਆਂ ਦੀ ਆਬਾਦੀ ਵਧਣੀ (ਦੁਧਾਰੂ ਪਸ਼ੂ ਮਿਥੇਨ ਗੈਸ ਛੱਡਦੇ ਹਨ), ਪਾਣੀ ਖੜ੍ਹਾ ਰੱਖਣ ਵਾਲੀਆਂ ਫ਼ਸਲਾਂ (ਝੋਨਾ) ਦੀ ਕਾਸ਼ਤ ਤੇ ਜੰਗਲਾਂ ਦੀ ਕਟਾਈ ਆਦਿ ਸ਼ਾਮਿਲ ਹਨ।




### ਤਕਨੀਕੀ ਵਿਕਾਸ ਦਾ ਪੂਰਾ ਲਾਹਾ ਨਾ ਲੈਣਾ

ਅੱਜ-ਕੱਲ੍ਹ ਮੌਸਮ ਵਿਭਾਗ ਦੀ ਭਵਿੱਖਬਾਣੀ ਜ਼ਿਆਦਾਤਰ ਠੀਕ ਨਿਕਲ ਰਹੀ ਹੈ। ਲੰਬੇ ਸਮੇਂ ਵਾਲੀ ਭਵਿੱਖਬਾਣੀ ਵਿੱਚ ਹੀ ਮੌਸਮ ਵਿਭਾਗ ਨੇ ਦੱਸ ਦਿੱਤਾ ਸੀ ਕਿ ਇਸ ਸਾਲ ਮੌਨਸੂਨ ਆਮ ਨਾਲੋਂ ਜ਼ਿਆਦਾ ਹੋਵੇਗੀ। ਫਿਰ ਮਈ-ਜੂਨ ਵਿੱਚ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ. 96537-9000

ਇਹ ਦੱਸਿਆ ਕਿ ਜੁਲਾਈ-ਅਗਸਤ ਵਿੱਚ ਦੇਸ਼ ਦੇ ਉੱਤਰ-ਪੱਛਮੀ ਹਿੱਸੇ ਵਿੱਚ ਬਾਰਿਸ਼ ਜ਼ਿਆਦਾ ਹੋਵੇਗੀ। ਇਹ ਹਿੱਸਾ ਸਾਡੇ ਦਰਿਆਵਾਂ ਅਤੇ ਡੈਮਾਂ ਦਾ ਕੈਚਮੈਂਟ ਏਰੀਆ (ਉਹ ਖੇਤਰ ਜਿੱਥੇ ਮੀਂਹ ਦਾ ਪਾਣੀ ਕਿਸੇ ਖ਼ਾਸ ਦਰਿਆ, ਨਦੀ ਜਾਂ ਝੀਲ ਵਿੱਚ ਜਮ੍ਹਾਂ ਹੁੰਦਾ ਹੈ) 1988 ਵਿੱਚ ਕੈਚਮੈਂਟ ਏਰੀਏ ਵਿੱਚ 22-26 ਸਤੰਬਰ ਨੂੰ 63 ਸੈਂਟੀਮੀਟਰ ਬਾਰਿਸ਼ ਹੋਣ ਕਰਕੇ ਡੈਮ ਵਿੱਚੋਂ ਇੱਕਦਮ ਪਾਣੀ ਛੱਡਣਾ ਪਿਆ, ਕਿਉਂਕਿ ਡੈਮ ਭਰਨ ਦੀ ਆਖਰੀ ਤਰੀਕ 30 ਸਤੰਬਰ ਮਿੱਥੀ ਗਈ ਸੀ। 1988 ਦੇ 22 ਸਤੰਬਰ ਤੱਕ ਡੈਮ ਪਹਿਲਾਂ ਹੀ ਭਰਿਆ ਹੋਇਆ ਸੀ। ਇਸ ਸਾਲ ਤਾਂ ਖਾਲੀ ਪਏ ਡੈਮਾਂ ਦੇ ਵੇਲੇ ਤੋਂ ਹੀ ਪਤਾ ਸੀ ਕਿ ਬਾਰਿਸ਼ਾਂ ਜ਼ਿਆਦਾ ਹੋਣਗੀਆਂ ਅਤੇ ਹੋ ਰਹੀਆਂ ਹਨ, ਫਿਰ ਪਾਣੀ ਨਾਲੋਂ-ਨਾਲ ਸਾਰੇ ਦਰਿਆਵਾਂ ਵਿੱਚ ਕਿਉਂ ਨਹੀਂ ਛੱਡਿਆ ਗਿਆ? ਕੀ ਬੀ. ਬੀ. ਐਮ. ਬੀ. ਦੀ ਸੌੜੀ ਦੂਰਅੰਦੇਸ਼ੀ ਜਾਂ ਘੱਟ ਯੋਗਤਾ, ਇਨ੍ਹਾਂ ਹੜ੍ਹਾਂ ਦੀ ਜ਼ਿੰਮੇਵਾਰ ਤਾਂ ਨਹੀਂ? ਦੂਜੀ ਗੱਲ ਡੈਮ ਜ਼ਿਆਦਾ ਜਾਣ-ਬੁੱਝ ਕੇ ਵੀ ਭਰੇ ਜਾਂਦੇ ਹਨ, ਕਿਉਂਕਿ ਜੇ ਡੈਮਾਂ ਵਿੱਚ ਪਾਣੀ ਜ਼ਿਆਦਾ ਹੋਵੇਗਾ ਤਾਂ ਉਸ ਦਾ ਫ਼ਾਇਦਾ ਹਰਿਆਣੇ ਤੇ ਰਾਜਿਸਥਾਨ ਨੂੰ ਹੀ ਹੈ। ਡੈਮ ਜ਼ਿਆਦਾ ਭਰਨੇ ਪੰਜਾਬ ਲਈ ਨੁਕਸਾਨਦਾਇਕ ਵੱਧ ਤੇ ਫ਼ਾਇਦੇਮੰਦ ਘੱਟ ਹੁੰਦੇ ਹਨ, ਕਿਉਂਕਿ ਹੜ੍ਹ ਤਾਂ ਪੰਜਾਬ ਵਿੱਚ ਹੀ ਆਉਂਦੇ ਹਨ। ਪੰਜਾਬ ਅੱਜ ਮੁਸੀਬਤ ਵਿੱਚ ਹੈ ਪਰ ਕੇਂਦਰ ਨੇ ਨਾ-ਮਾਤਰ ਇਮਦਾਦ ਦਾ ਐਲਾਨ ਕੀਤਾ ਹੈ। ਹਾਲਾਂਕਿ ਪਤਾ ਹੈ ਪੰਜਾਬ ਕੋਲ ਪੈਸਾ ਨਹੀਂ, ਫਿਰ ਵੀ ਸਿਆਸਤ ਦੇ ਨਾਂਅ ਤੇ 290 ਕਰੋੜ ਦਾ ਹਵਾਲਾ ਦਿੱਤਾ ਜਾਂਦਾ ਹੈ। ਚਾਹੀਦਾ ਇਹ ਹੈ ਕਿ ਤੁਸੀਂ ਇਸ ਮੁਸੀਬਤ ਵਿੱਚ ਹੋਰ ਪੈਸਾ ਦਿਓ, ਭਾਵੇਂ ਉਹ ਅੱਗੋਂ ਜੀ. ਐਸ. ਟੀ. ਦੀ ਕਿਸ਼ਤ ਵਿੱਚ ਕੱਟ ਲਿਆ ਜਾਂਦਾ। ਉੱਧਰ ਹਰਿਆਣਾ ਦੇ ਮੁੱਖ ਮੰਤਰੀ ਨੇ ਬੱਸ ਇੱਕ ਦਿਨ ਬਿਆਨ ਦਾਗ ਦਿੱਤਾ ਕਿ ਇਸ ਘੜੀ ਵਿੱਚ ਹਰਿਆਣਾ ਪੰਜਾਬ ਦੇ ਨਾਲ ਹੈ, ਜੋ ਸਹਾਇਤਾ ਪੰਜਾਬ ਦੇ ਮੁੱਖ ਮੰਤਰੀ ਕਹਿਣਗੇ, ਅਸੀਂ ਭੇਜਾਂਗੇ। ਉਸ ਤੋਂ ਬਾਅਦ ਉਹ ਵੀ ਚੁੱਪ ਕਰ ਗਏ। ਇਹ ਯਾਦ ਰਹੇ ਕਿ ਕਦੇ ਵੀ ਕੋਈ ਪੰਜਾਬੀ ਹੱਥ ਅੱਡ ਕੇ ਨਹੀਂ ਮੰਗਦਾ, ਜੇ ਇਮਦਾਦ ਭੇਜਣੀ ਹੈ ਤਾਂ ਨੁਕਸਾਨ ਦੇ ਹਿਸਾਬ ਨਾਲ ਜਿੰਨੀ ਮਦਦ ਕਰਨੀ ਹੈ, ਚੈੱਕ ਭੇਜਿਆ ਜਾ ਸਕਦਾ ਸੀ। ਖ਼ਬਰਾਂ ਮੁਤਾਬਕ ਬਾਅਦ ਵਿੱਚ ਹਰਿਆਣਾ ਨੇ ਪੰਜਾਬ ਨੂੰ ਪੰਜ ਕਰੋੜ ਭੇਜਿਆ ਹੈ, ਇਸ ਤੋਂ ਬਿਹਤਰ ਇਹ ਸੀ ਕਿ ਉਹ ਚੁੱਪ ਹੀ ਕਰ ਜਾਂਦੇ। ਉੱਧਰ ਰਾਜਸਥਾਨ ਜਿਸ ਨੂੰ ਡੈਮਾਂ ਵਿੱਚੋਂ ਸਭ ਤੋਂ ਵੱਧ ਪਾਣੀ ਜਾਂਦਾ ਹੈ, ਉਨ੍ਹਾਂ ਨੇ ਤਾਂ ਕੋਈ ਬਿਆਨ ਹੀ ਨਹੀਂ ਦਿੱਤਾ। ਨੁਕਸਾਨ ਹਿਮਾਚਲ ਤੇ ਪੰਜਾਬ ਦਾ ਜ਼ਿਆਦਾ ਹੋਇਆ ਤੇ ਦੋਵਾਂ ਸੂਬਿਆਂ ਵਿੱਚ ਵਿਰੋਧੀ ਪਾਰਟੀ ਦੀਆਂ ਸਰਕਾਰਾਂ ਹਨ। ਇਸ ਲਈ ਢਿੱਲ-ਮੱਠ ਦੀ ਨੀਤੀ ਚੱਲਦੀ ਹੈ, ਜਦਕਿ ਸੋਚਣਾ ਇਹ ਬਣਦਾ ਸੀ ਕਿ ਆਖਰ ਹੈ ਤਾਂ ਸਾਰੇ ਰਾਜ ਭਾਰਤ ਦਾ ਹੀ ਹਿੱਸਾ।



### ਮਾਈਨਿੰਗ

ਦਰਿਆਵਾਂ 'ਤੇ ਮਾਈਨਿੰਗ ਹਮੇਸ਼ਾ ਹੀ ਚਰਚਾ ਦਾ ਵਿਸ਼ਾ ਰਹੀ ਹੈ। ਹਰ ਸਰਕਾਰ ਵੇਲੇ ਉਸ ਦੀ ਵਿਰੋਧੀ ਧਿਰ ਸਵਾਲ ਚੁੱਕਦੀ ਹੈ ਕਿ ਨਾਜਾਇਜ਼ ਮਾਈਨਿੰਗ ਹੋ ਰਹੀ ਹੈ। ਇਹ ਧੰਦਾ ਚਲਦਾ ਹੀ ਮੌਕੇ ਦੀਆਂ ਸਰਕਾਰਾਂ ਦੀ ਸਰਪ੍ਰਸਤੀ ਹੇਠ ਹੈ। ਜਦੋਂ ਮਾਈਨਿੰਗ ਹੁੰਦੀ ਹੈ ਤਾਂ ਉਹ 50 ਫੁੱਟ ਤੱਕ ਡੂੰਘੀ ਚਲੀ ਜਾਂਦੀ ਹੈ। ਇਸ ਦਾ ਮਤਲਬ ਬੰਨ੍ਹ ਦੀ ਨੀਂਹ ਤਾਂ ਖ਼ੁਦ ਹੀ ਕਮਜ਼ੋਰ ਕਰ ਦਿੱਤੀ ਜਾਂਦੀ ਹੈ, ਜਿਸ 'ਤੇ ਜਿੰਨੀ ਮਰਜ਼ੀ ਮਿੱਟੀ ਪਾਓ, ਉਸ ਨੇ ਹੇਠੋਂ ਖਾਲੀ ਹੋਣ ਕਰਕੇ ਬੈਠਣਾ ਹੀ ਹੈ। ਜਦੋਂ ਲੋਕ ਰੌਲਾ ਪਾਉਂਦੇ ਹਨ, ਉਦੋਂ ਸਰਕਾਰਾਂ ਦਾ ਕੋਈ ਧਿਆਨ ਨਹੀਂ ਹੁੰਦਾ। ਪਰ ਜਦੋਂ ਵੋਟਾਂ ਆਉਂਦੀਆਂ ਹਨ, ਉਸ ਵੇਲੇ ਜ਼ਰੂਰ ਇਸ 'ਤੇ ਸਿਆਸਤ ਕੀਤੀ ਜਾਂਦੀ ਹੈ ਤੇ ਬਾਅਦ ਵਿੱਚ ਇਸ ਨੂੰ ਕਮਾਈ ਦਾ ਸਾਧਨ ਬਣਾ ਲਿਆ ਜਾਂਦਾ ਹੈ।

### ਨੈਤਿਕ ਤੇ ਸਮਾਜਿਕ ਜ਼ਿੰਮੇਵਾਰੀ

ਜਦੋਂ ਜ਼ਿੰਮੇਵਾਰੀ ਦੀ ਗੱਲ ਕਰਦੇ ਹਾਂ ਤਾਂ ਤਕਰੀਬਨ ਹਰ ਇਨਸਾਨ ਦੀ ਸੋਚ ਸਾਡੇ ਲੀਡਰਾਂ ਅਤੇ ਸਰਕਾਰਾਂ 'ਤੇ ਆ ਕੇ ਖੜ੍ਹ ਜਾਂਦੀ ਹੈ। ਸਾਡੀ ਸੋਚ ਵਿੱਚ ਬਦਲਾਅ ਆਉਣ ਦਾ ਵੱਡਾ ਕਾਰਨ ਹੈ ਮੁਫ਼ਤ ਦੀਆਂ ਰਿਉੜੀਆਂ, ਜਿਸ ਨੇ ਸਾਨੂੰ ਨਿਕੰਮੇ ਤੇ ਸਵੈ-ਕੇਂਦ੍ਰਿਤ ਬਣਾ ਦਿੱਤਾ ਹੈ। ਇਹ ਗੱਲ ਕੌੜੀ ਜ਼ਰੂਰ ਹੈ ਪਰ ਹਕੀਕਤ ਹੈ। ਜੇ ਅਸੀਂ ਸਮੇਂ ਸਿਰ ਸਰਕਾਰਾਂ ਤੋਂ ਵੱਖਰੇ ਹੋ ਕੇ ਆਪਣੇ ਆਲੇ-ਦੁਆਲੇ ਦੀਆਂ ਡਰੇਨਾਂ, ਨਾਲ ਲੱਗਦੀਆਂ ਪਹੀਆਂ ਅਤੇ ਖਾਲੇ ਸੰਵਾਰੇ ਹੁੰਦੇ ਤਾਂ ਸ਼ਾਇਦ ਅੱਜ ਕੁਝ ਨੁਕਸਾਨ ਤੋਂ ਬਚ ਸਕਦੇ ਸੀ। ਆਮ ਤੌਰ 'ਤੇ ਇਹ ਗੱਲ ਹੁੰਦੀ ਹੈ ਕਿ ਇਹ ਕੰਮ ਮੇਰਾ ਨਹੀਂ, ਸਰਕਾਰ ਦਾ ਹੈ। ਕੋਈ ਜ਼ਮਾਨਾ ਸੀ ਪਿੰਡ ਦੇ ਲੋਕੀਂ ਖਾਲੇ, ਕੱਸੀਆਂ ਅਤੇ ਸੂਏ ਰਲ-ਮਿਲ ਕੇ ਸਾਫ਼ ਕਰ ਲੈਂਦੇ ਸੀ। ਲਿੰਕ ਸੜਕਾਂ ਦੇ ਨਾਲ ਮਿੱਟੀ ਵੀ ਲਾ ਦਿੰਦੇ ਸਨ। ਪਰ ਅੱਜ ਨਰੇਗਾ ਵਾਲਿਆਂ ਨੇ ਸਫ਼ਾਈ ਕਰ ਦਿੱਤੀ ਤਾਂ ਠੀਕ, ਨਹੀਂ ਤਾਂ ਰੱਬ ਰਾਖਾ। ਉਦਾਹਰਨ ਲਈ ਇੱਕ ਪੱਕੇ ਖਾਲ ਨਾਲ ਜਿੰਨੇ ਘਰ ਲੱਗਦੇ ਹਨ, ਜੇ ਸਾਰੇ ਘਰ ਰਲ ਕੇ ਹਰ ਛੇ ਮਹੀਨੇ ਬਾਅਦ ਉਸ ਦੀ ਮੁਰੰਮਤ ਕਰ ਲੈਣ ਤਾਂ ਖਾਲ ਕਦੇ ਨਹੀਂ ਟੁੱਟਣਗੇ। ਇਸ ਦੇ ਨਾਲ ਸਰਕਾਰ ਨੇ ਲੋਕ ਲੁਭਾਊ ਨੀਤੀਆਂ ਨਾਲ ਵੋਟਾਂ ਬਟੋਰਨ ਦੇ ਚੱਕਰ ਵਿੱਚ ਆਪਣਾ ਜੋ ਨਹਿਰੀ ਮਾਮਲਾ ਆਉਂਦਾ ਸੀ, ਉਹ ਵੀ ਖਰਾਬ ਕਰ ਲਿਆ। ਅੱਜ ਜੇ ਕੋਈ ਵਿਅਕਤੀ ਨਹਿਰੀ ਵਿਭਾਗ ਕੋਲ ਆਪਣੀ ਵਾਰੀ ਬਦਲਾਉਣ ਜਾਂਦਾ ਹੈ, ਉਸ ਨੂੰ ਬਕਾਇਆ ਮਾਮਲਾ ਦੇਣਾ ਪੈਂਦਾ ਹੈ। ਬਾਕੀਆਂ ਤੋਂ ਕੋਈ ਮਾਮਲਾ ਇਕੱਠਾ ਹੀ ਨਹੀਂ ਕੀਤਾ ਜਾਂਦਾ। ਸਾਨੂੰ ਇਸ ਪਾਸੇ ਸੋਚਣ ਦੀ ਲੋੜ ਹੈ, ਕਿ ਨਿਰਾ-ਪੂਰਾ ਸਰਕਾਰ 'ਤੇ ਨਿਰਭਰ ਰਹਿਣ ਦੀ ਬਜਾਏ ਅਸੀਂ ਆਪਣੇ ਪੈਰਾ 'ਤੇ ਖੜ੍ਹੇ ਹੋਈਏ। ਜੇ ਕੰਮ ਅਸੀਂ ਮੁਸੀਬਤ ਵੇਲੇ ਇਕੱਠੇ ਹੋ ਕੇ ਕਰਦੇ ਹਾਂ, ਜੇ ਉਹ ਪਹਿਲਾਂ ਹੀ ਕਰ ਲਈਏ ਤਾਂ ਸ਼ਾਇਦ ਕਈ ਅਲਾਮਤਾ ਤੋਂ ਬੱਚ ਜਾਈਏ। ਇਸ ਸਾਲ ਸਰਕਾਰੀ ਤੰਤਰ ਨੂੰ ਵੀ ਮਜ਼ਬੂਰੀ ਵੱਸ ਆਪੇ ਤੁਰਨਾ ਪਏਗਾ। ਅੱਜ ਇਹ ਮਾਰ ਜੋ ਪੰਜਾਬ 'ਤੇ ਪਈ ਹੈ, ਇਸ ਵਿੱਚ ਕੁਦਰਤੀ ਮਾਰ ਨੂੰ ਕਾਫ਼ੀ ਹੱਦ ਤੱਕ ਅਧਿਕਾਰੀਆਂ ਦੀ ਲਾਪਰਵਾਹੀ ਅਤੇ ਲੋਕਾਂ ਦੇ ਅਵੇਸਲੇਪਣ ਨੇ ਹੀ ਵਧਾਇਆ ਹੈ।

# ਖੇਤੀ ਜਿਣਸਾਂ ਦਾ ਮੁੱਲ ਵਾਧਾ ਅਤੇ ਪ੍ਰੋਸੈਸਿੰਗ ਦੀਆਂ ਸੰਭਾਵਨਾਵਾਂ



ਮੱਖਣ ਸਿੰਘ ਭੁੱਲਰ
ਨਿਰਦੇਸ਼ਕ ਪਸਾਰ ਸਿੱਖਿਆ

ਪੰਜਾਬ ਨੂੰ ਭਾਰਤ ਦਾ ਅੰਨ ਭੰਡਾਰ ਭਰਨ ਦਾ ਮਾਣ ਹਾਸਿਲ ਹੈ ਪਰ ਇਸ ਵੱਧ ਉਤਪਾਦਨ ਨੇ ਵੀ ਕਿਸਾਨਾਂ ਦੀ ਖੁਸ਼ਹਾਲੀ ਨੂੰ ਯਕੀਨੀ ਨਹੀਂ ਬਣਾਇਆ। ਹੁਣ ਸਮਾਂ ਆ ਗਿਆ ਹੈ ਕਿ ਉਤਪਾਦਨ ਕੇਂਦਰਿਤ ਖੇਤੀ ਤੋਂ ਕਦਰ ਅਧਾਰਿਤ ਖੇਤੀ ਮਾਡਲ ਵੱਲ ਪਰਤਿਆ ਜਾਵੇ। ਅਨਾਜ, ਫ਼ਲ, ਸਬਜ਼ੀਆਂ ਅਤੇ ਦੁੱਧ ਆਦਿ ਨੂੰ ਸਿੱਧੇ ਵਿਕਰੀ ਲਈ ਲਿਜਾਣ ਦੀ ਥਾਂ ਕਿਸਾਨਾਂ ਨੂੰ ਇਹਨਾਂ ਦੇ ਮੁੱਲ ਵਾਧੇ ਦੀ ਤਕਨੀਕ ਨੂੰ ਅਪਨਾਉਣਾ ਲਾਜ਼ਮੀ ਹੋ ਗਿਆ ਹੈ। ਵਾਧੂ ਉਤਪਾਦਨ ਦੇ ਬਾਵਜੂਦ ਕਣਕ, ਝੋਨਾ, ਮੱਕੀ, ਫ਼ਲ, ਸਬਜ਼ੀਆਂ ਅਤੇ ਡੇਅਰੀ ਉਤਪਾਦ ਸਭ ਤੋਂ ਘੱਟ ਪ੍ਰੋਸੈਸਿੰਗ ਤਰੀਕਿਆਂ ਨਾਲ ਵਿਕਰੀ ਲਈ ਲਿਜਾਏ ਜਾਂਦੇ ਹਨ। ਇਸ ਨਾਲ ਕਿਸਾਨ ਦਾ ਮੁਨਾਫ਼ਾ ਤਾਂ ਘੱਟਦਾ ਹੀ ਹੈ ਇਹਨਾਂ ਜਿਣਸਾਂ ਦੇ ਭਰਵੇਂ ਸੀਜ਼ਨ ਦੌਰਾਨ ਵਾਧੂ ਉਤਪਾਦਨ ਨੁਕਸਾਨ ਦਾ ਕਾਰਨ ਵੀ ਬਣਦਾ ਹੈ ਅਤੇ ਵਢਾਈ ਉਪਰੰਤ ਹੋਣ ਵਾਲੇ ਇਸ ਨੁਕਸਾਨ ਨਾਲ ਬਹੁਤ ਸਾਰੀਆਂ ਜਿਣਸਾਂ ਅਣਵਰਤੀਆਂ ਹੀ ਰਹਿ ਜਾਂਦੀਆਂ ਹਨ।

ਇਹਨਾਂ ਸਾਰੀਆਂ ਸਮੱਸਿਆਵਾਂ ਦਾ ਇੱਕ ਮਾਤਰ ਹੱਲ ਮੁੱਲ ਵਾਧਾ ਤਕਨੀਕ ਹੈ। ਇਸ ਨਾਲ ਕਿਸੇ ਉਤਪਾਦ ਦੀ ਸੈਲਫ ਲਾਈਫ ਵੱਧਦੀ ਹੈ ਅਤੇ ਉਸ ਨਾਲ ਮੁਨਾਫ਼ੇ ਦੇ ਮੌਕੇ ਜੁੜ ਜਾਂਦੇ ਹਨ। ਉਸ ਉਤਪਾਦ ਦੇ ਨਿਰਯਾਤ ਜਾਂ ਪਰਚੂਨ ਦੀ ਵਿਕਰੀ ਦੀਆਂ ਸੰਭਾਵਨਾਵਾਂ ਛੋਟੇ ਪੱਧਰ ਦੇ ਉਦਯੋਗ ਅਤੇ ਪੇਂਡੂ ਰੁਜ਼ਗਾਰ ਦੇ ਮੌਕੇ ਵਧਾਉਂਦੀਆਂ ਹਨ। ਗਾਹਕਾਂ ਦੀ ਬਦਲਦੀ ਮਾਨਸਿਕਤਾ, ਸ਼ਹਿਰੀਕਰਨ ਦੇ ਵਾਧੇ, ਆਮਦਨ ਵਿੱਚ ਇਜ਼ਾਫ਼ੇ ਅਤੇ ਜੀਵਨ ਪੱਧਰ ਵਿੱਚ ਬਦਲਾਅ ਨੇ ਪ੍ਰੋਸੈੱਸਡ ਅਤੇ ਸੁਖਾਲੇ ਭੋਜਨ ਪਦਾਰਥਾਂ ਦੀ ਮੰਗ ਵਧਾਈ ਹੈ। ਬਾਗ਼ਬਾਨੀ ਅਤੇ ਖੇਤ ਫ਼ਸਲਾਂ ਨੂੰ ਮੁੱਲ ਵਾਧੇ ਦੀਆਂ ਤਕਨੀਕਾਂ ਨਾਲ ਜੋੜ ਕੇ ਇਸ ਦਾ ਬਦਲ ਬਣਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਬੁਨਿਆਦੀ ਢਾਂਚੇ ਵਿੱਚ ਨਿਵੇਸ਼, ਮੁਹਾਰਤ ਦਾ ਵਿਕਾਸ ਅਤੇ ਖੋਜ ਤਕਨੀਕਾਂ ਲਾਗੂ ਕਰਨ ਨਾਲ ਭੋਜਨ ਦੀ ਕਦਰ ਲੜੀ ਸਮਰੱਥ ਹੋ ਸਕਦੀ ਹੈ।

ਪੀ.ਏ.ਯੂ. ਨੇ ਖੇਤੀ ਉਤਪਾਦ ਦੇ ਮੁੱਲ ਵਾਧੇ ਅਤੇ ਭੋਜਨ ਪ੍ਰੋਸੈਸਿੰਗ ਦੀਆਂ



ਕਿਸਾਨ ਪਖੀ ਤਕਨੀਕਾਂ ਦਾ ਭਰਪੂਰ ਵਿਕਾਸ ਕੀਤਾ ਹੈ। ਪੀ. ਏ. ਯੂ. ਵੱਲੋਂ ਵਿਕਸਿਤ ਇਹਨਾਂ ਤਕਨੀਕਾਂ ਨੂੰ ਕਿਸਾਨ ਨਿਰਮਾਤਾ ਸੰਗਠਨਾਂ (ਐੱਫ ਪੀ ਓਜ਼) ਅਤੇ ਸਵੈ ਸੇਵੀ ਸਮੂਹਾਂ ਤੋਂ ਇਲਾਵਾ ਖੇਤੀ ਕਾਰੋਬਾਰ ਉੱਦਮੀਆਂ ਨੇ ਅਪਣਾਇਆ ਅਤੇ ਪੰਜਾਬ ਦੀ ਖੇਤੀ ਵਿੱਚ ਪ੍ਰੋਸੈਸਿੰਗ ਰਾਹੀਂ ਖੇਤੀ ਕਾਰੋਬਾਰ ਪੱਖੋਂ ਗੁਣਾਤਮਕ ਵਾਧਾ ਦਰਜ ਕੀਤਾ।

ਪ੍ਰੋਸੈਸਿੰਗ ਰਾਹੀਂ ਪੋਸ਼ਣ ਭਰਪੂਰ ਉਤਪਾਦ ਬਨਾਉਣ ਪੱਖੋਂ ਪੀ. ਏ. ਯੂ. ਨੇ ਬੇਕਰੀ, ਪੀਣ ਵਾਲੇ ਪਦਾਰਥਾਂ ਅਤੇ ਸੁਖਾਲੇ ਭੋਜਨਾਂ ਦੇ ਵਰਗ ਵਿੱਚ ਕਈ ਤਕਨੀਕਾਂ ਸਾਹਮਣੇ ਲਿਆਂਦੀਆਂ। ਇਹਨਾਂ ਵਿੱਚੋਂ ਭੋਜਨ ਦੇ ਕੁਦਰਤੀ ਰੰਗ ਲਈ ਚੁਕੰਦਰ ਦਾ ਪਾਊਡਰ, ਪ੍ਰੋਟੀਨ ਅਤੇ ਮਿਨਰਲ ਭਰਪੂਰ ਕੱਦੂ ਦੇ ਬੀਜਾਂ ਦਾ ਆਟਾ, ਵੀਟ ਗਰਾਸ ਪਾਊਡਰ, ਵਿਟਾਮਿਨ ਡੀ ਭਰਪੂਰ ਖੁੰਬਾਂ ਦਾ ਪਾਊਡਰ, ਕਰੌਂਦਾ ਪਾਊਡਰ ਅਤੇ ਬੀ ਕੈਰੋਟੀਨ ਅਤੇ ਵਿਟਾਮਿਨ ਸੀ ਭਰਪੂਰ ਮਾਈਕ੍ਰੋਗਰੀਨਜ਼ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪੋਸ਼ਣ ਅਧਾਰਿਤ ਇਹਨਾਂ ਉਤਪਾਦਾਂ ਨੇ ਖਪਤਕਾਰਾਂ ਦੀ ਸਿਹਤ ਸੰਬੰਧੀ ਮੰਗ ਨੂੰ ਪੂਰਾ ਕਰਨ ਵੱਲ ਕਦਮ ਵਧਾਇਆ ਹੈ।

**ਪੀ. ਏ. ਯੂ. ਨੇ ਖੇਤੀਬਾੜੀ ਵਿੱਚ ਮੁੱਲ ਵਾਧੇ ਨੂੰ ਉਤਸ਼ਾਹਿਤ ਕਰਕੇ ਵਧੇਰੇ ਮੁਨਾਫ਼ਾ ਕਮਾਉਣ ਦੇ ਮੰਤਵ ਨਾਲ ਕਈ ਮਸ਼ੀਨਾਂ ਦਾ ਵਿਕਾਸ ਕੀਤਾ। ਇਹਨਾਂ ਵਿੱਚ ਫ਼ਲਾਂ ਅਤੇ ਸਬਜ਼ੀਆਂ ਨੂੰ 1-6 ਕੁਇੰਟਲ ਪ੍ਰਤੀ ਘੰਟੇ ਤੱਕ ਹੋ ਸਕਣ ਦੀ ਸਮਰੱਥਾ ਵਾਲੀ ਮਸ਼ੀਨ ਅਤੇ ਹਲਦੀ ਦੀ ਧੁਆਈ ਅਤੇ ਪਾਲਿਸ਼ ਕਰਨ ਕਾਲੀ ਮਸ਼ੀਨ ਸ਼ਾਮਿਲ ਹੈ। ਇੰਜ ਨਾ ਸਿਰਫ਼ ਮਜ਼ਦੂਰੀ ਦੀ ਬੱਚਤ ਹੋਈ ਬਲਕਿ ਕਿਸਾਨਾਂ ਦੇ ਸਾਫ ਸੁਥਰੇ ਅਤੇ ਮੰਡੀ ਵਿੱਚ ਵਿਕਣਯੋਗ ਉਤਪਾਦ ਤਿਆਰ ਕਰਨ ਲਈ ਸੁਖਾਵਾਂ ਮਾਹੌਲ ਵੀ ਬਣਿਆ।**

ਇਸ ਤੋਂ ਇਲਾਵਾ ਪੀ. ਏ. ਯੂ. ਨੇ ਅਨਾਜਾਂ ਅਤੇ ਮੋਟੇ ਅਨਾਜਾਂ ਅਧਾਰਿਤ ਖੋਜਾਂ ਕਰਕੇ ਖਾਣ ਲਈ ਤਿਆਰ ਪ੍ਰੋਸੈਸਿੰਗ ਉਤਪਾਦ ਛੋਟੇ ਉਦਯੋਗਾਂ ਲਈ ਤਿਆਰ ਕਰਨ ਦੀ ਤਕਨਾਲੋਜੀ ਵਿਕਸਿਤ ਕੀਤੀ ਹੈ। ਇਹਨਾਂ ਵਿੱਚ ਗਲੂਟਨ ਮੁਕਤ ਮੋਟੇ ਅਨਾਜਾਂ ਤੋਂ ਬਣਿਆ ਪਾਸਤਾ, ਉੱਚ ਫਾਈਬਰ ਯੁਕਤ ਸਨੈਕਸ ਜੋ ਮੋਟੇ ਅਨਾਜਾਂ ਅਤੇ ਦਾਲਾਂ ਤੋਂ ਬਣਦੇ ਹਨ, ਸ਼ੂਗਰ ਦੇ ਮਰੀਜ਼ਾਂ ਦੀ ਖੁਰਾਕ ਲਈ ਬਹੁ-ਅਨਾਜੀ ਆਟਾ ਅਤੇ ਪੰਜਾਬ ਦੀ ਰਵਾਇਤ ਅਨੁਸਾਰ ਖਾਣ ਲਈ ਤਿਆਰ ਸਰ੍ਹੋਂ ਦਾ ਸਾਗ, ਡੀਹਾਈਡਰੇਟਡ ਸਬਜ਼ੀਆਂ ਅਤੇ ਫ਼ਲਾਂ ਦੇ ਪਾਊਡਰ, ਪਰੋਸਣ ਲਈ ਤਿਆਰ ਪੀਣ ਵਾਲੇ ਪਦਾਰਥ ਅਤੇ ਮੰਡੀ ਦੀ ਮੰਗ ਅਨੁਸਾਰ ਉੱਚ ਪੋਸ਼ਣ ਵਾਲੇ ਡੇਅਰੀ ਉਤਪਾਦਾਂ ਦੀ ਤਕਨਾਲੋਜੀ ਪ੍ਰਮੁੱਖ ਹੈ।

ਇਸਦੇ ਨਾਲ ਹੀ ਅਮੀਰੀਕ੍ਰਿਤ ਅਤੇ ਵਿਸ਼ੇਸ਼ ਤੌਰ ਤੇ ਬਣੇ ਪੇਅ ਪਦਾਰਥਾਂ ਦੀ ਇੱਕ ਲੰਮੀ ਸੂਚੀ ਹੈ। ਇਹਨਾਂ ਵਿੱਚ ਸਿਰਕਾ, ਕੰਬੂਚਾ, ਘੱਟ ਅਲਕੋਹਲ ਵਾਲੇ ਫ਼ਲਾਂ ਦੇ ਪੇਅ, ਅਮਰੂਦ ਅਤੇ ਰੈੱਡ ਵਾਈਨਜ਼, ਸ਼ਹਿਦ ਵਾਈਨ ਅਤੇ ਆਲੂ ਅਧਾਰਿਤ ਵੋਦਕਾ ਤਕਨੀਕਾਂ ਬਾਰੇ ਵੀ ਯੂਨੀਵਰਸਿਟੀ ਨੇ ਕਾਰਜ ਕੀਤਾ ਹੈ। ਇਹ ਤਕਨਾਲੋਜੀਆਂ ਫ਼ਲਾਂ, ਸ਼ਹਿਦ ਅਤੇ ਸੰਬੰਧਿਤ ਉਤਪਾਦਾਂ ਦੀ ਵਾਧੂ ਉਪਜ ਦੀ ਸਹੀ ਵਰਤੋਂ ਦੀ ਦਿਸ਼ਾ ਵਿੱਚ ਉਤਸ਼ਾਹਪੂਰਵਕ ਵਾਧਾ ਹਨ। ਇਸ ਤੋਂ ਇਲਾਵਾ ਪੀ. ਏ. ਯੂ. ਨੇ ਕਿੰਨੂ ਦੇ ਖਰਾਬੇ ਤੋਂ ਬਾਇਓਐਂਜ਼ਾਇਮ ਦੀ ਤਕਨਾਲੋਜੀ ਵੀ ਵਿਕਸਿਤ ਕੀਤੀ ਹੈ।

ਫ਼ਸਲਾਂ ਦੀ ਕਦਰ ਲੜੀ ਦੇ ਮਾਮਲੇ ਵਿੱਚ ਪੀ. ਏ. ਯੂ. ਨੇ ਬੇਹੱਦ ਜ਼ਿਕਰਯੋਗ ਕਾਰਜ ਕੀਤਾ ਹੈ। ਇਸ ਦਿਸ਼ਾ ਵਿੱਚ ਕਿੰਨੂ ਸਭ ਤੋਂ ਅਹਿਮ ਫ਼ਸਲ ਵਜੋਂ ਸਾਹਮਣੇ ਆਉਂਦਾ ਹੈ। ਪੰਜਾਬ ਬਾਗ਼ਬਾਨੀ ਪੋਸਟ ਹਾਰਵੈਸਟ ਤਕਨਾਲੋਜੀ ਕੇਂਦਰ ਜੋ ਪੀ. ਏ. ਯੂ. ਵਿੱਚ ਸਥਾਪਿਤ ਹੈ ਨੇ ਇਸ ਪੱਖੋਂ ਬੇਹੱਦ ਅਹਿਮ ਕਾਰਜ ਕੀਤਾ ਹੈ। ਉਹਨਾਂ ਨੇ ਪ੍ਰਚੂਨ ਅਤੇ ਖੁੱਲ੍ਹੀ ਵਿਕਰੀ ਲਈ ਤਿਆਰ ਉਤਪਾਦ ਸਾਹਮਣੇ ਲਿਆਂਦੇ ਜਿਨ੍ਹਾਂ ਵਿੱਚ ਕਿੰਨੂ ਦੇ ਪੇਅ ਪਦਾਰਥ, ਕਿੰਨੂ ਪਲਪ, ਜੈਮ, ਨੈਕਟਰ ਅਤੇ ਸੁਕੈਸ਼ ਸ਼ਾਮਿਲ ਹਨ। ਛੇ ਮਹੀਨੇ ਲਈ ਵਰਤੇ ਜਾ ਸਕਣ ਵਾਲੇ ਇਹ ਉਤਪਾਦ ਵਿਕਰੀ ਵਾਸਤੇ ਉਪਲੱਬਧ ਕਰਾਏ ਜਾ ਸਕਦੇ ਹਨ।

ਪੀ. ਏ. ਯੂ. ਨੇ ਖੇਤੀਬਾੜੀ ਵਿੱਚ ਮੁੱਲ ਵਾਧੇ ਨੂੰ ਉਤਸ਼ਾਹਿਤ ਕਰਕੇ ਵਧੇਰੇ ਮੁਨਾਫ਼ਾ ਕਮਾਉਣ ਦੇ ਮੰਤਵ ਨਾਲ ਕਈ ਮਸ਼ੀਨਾਂ ਦਾ ਵਿਕਾਸ ਕੀਤਾ। ਇਹਨਾਂ ਵਿੱਚ ਫ਼ਲਾਂ ਅਤੇ ਸਬਜ਼ੀਆਂ ਨੂੰ 1-6 ਕੁਇੰਟਲ ਪ੍ਰਤੀ ਘੰਟੇ ਤੱਕ ਹੋ ਸਕਣ ਦੀ ਸਮਰੱਥਾ ਵਾਲੀ ਮਸ਼ੀਨ ਅਤੇ ਹਲਦੀ ਦੀ ਧੁਆਈ ਅਤੇ ਪਾਲਿਸ਼ ਕਰਨ ਕਾਲੀ ਮਸ਼ੀਨ ਸ਼ਾਮਿਲ ਹੈ। ਇੰਜ ਨਾ ਸਿਰਫ਼ ਮਜ਼ਦੂਰੀ ਦੀ ਬੱਚਤ ਹੋਈ ਬਲਕਿ ਕਿਸਾਨਾਂ ਦੇ ਸਾਫ ਸੁਥਰੇ ਅਤੇ ਮੰਡੀ ਵਿੱਚ ਵਿਕਣਯੋਗ ਉਤਪਾਦ ਤਿਆਰ ਕਰਨ ਲਈ ਸੁਖਾਵਾਂ ਮਾਹੌਲ ਵੀ ਬਣਿਆ। ਇਸ ਤੋਂ ਇਲਾਵਾ ਵਾਤਾਵਰਨ ਦੇ ਹਿਸਾਬ ਨਾਲ ਪੈਕਿੰਗ ਦੀ ਤਕਨੀਕ ਵਰਤ ਕੇ ਕਾਲੀ ਗਾਜਰ ਅਤੇ ਖੀਰੇ ਨੂੰ ਪੈਕ ਕਰਕੇ ਇਸਦੀ ਸ਼ੈਲਫ ਲਾਈਫ 15-28 ਦਿਨਾਂ ਤੱਕ ਵਧਾਉਣ ਦੀ ਤਕਨੀਕ ਨੂੰ ਵੀ ਵਿਕਸਿਤ ਕੀਤਾ ਗਿਆ। ਇਸ ਤੋਂ ਇਲਾਵਾ ਕਿੰਨੂ ਅਤੇ ਮੁਸੱਮੀ ਦੇ ਛਿਲਕਿਆਂ ਤੋਂ ਪੈਕਟਿਨ ਬਨਾਉਣ ਦੀ ਤਕਨੀਕ ਖਰਾਬ ਹੋਈ ਖੇਤੀ ਉਪਜ ਤੋਂ ਉੱਚ ਮੁੱਲ ਵਾਲੀ ਉਤਪਾਦ ਨਿਰਮਾਣ ਦੀ ਮਿਸਾਲ ਹੈ। ਮੱਕੀ ਸਕਾਉਣ ਵਾਲੀ ਛੋਟੀ ਮਸ਼ੀਨ ਵੀ ਛੋਟੇ ਕਿਸਾਨਾਂ ਲਈ ਬੇਹੱਦ ਲਾਹੇਵੰਦ ਸਾਬਿਤ ਹੋਈ ਹੈ। ਇਸ ਤੋਂ ਇਲਾਵਾ ਸ਼ਹਿਦ ਮੱਖੀ ਪਾਲਣ ਦੇ ਖੇਤਰ ਵਿੱਚ ਹੀਟਿੰਗ ਅਤੇ ਫਿਲਟਰੇਸ਼ਨ ਸਿਸਟਮ ਜੋ 50 ਕਿਲੋ ਪ੍ਰਤੀ ਬੈਚ ਦੀ ਸਮਰੱਥਾ ਰੱਖਦਾ ਹੈ, ਦਾ ਵਿਕਾਸ ਸ਼ਹਿਦ ਦੀ ਗੁਣਵੱਤਾ ਸੁਧਾਰਨ ਲਈ ਲਾਹੇਵੰਦ ਸਾਬਿਤ ਹੋਇਆ ਹੈ।

ਪੀ. ਏ. ਯੂ. ਨੇ ਡਾਇਰੈਕਟੋਰੇਟ ਪਸਾਰ ਸਿੱਖਿਆ ਦੀ ਨਿਗਰਾਨੀ ਹੇਠ ਚੱਲ ਰਹੇ ਸਕਿੱਲ ਡਿਵੈਲਪਮੈਂਟ ਸੈਂਟਰ ਰਾਹੀਂ ਮੁੱਲ ਵਾਧੇ ਦੀਆਂ ਵਿਹਾਰਕ ਸਿਖਲਾਈਆਂ ਦੇ ਕੋਰਸ ਕਿਸਾਨਾਂ ਨੂੰ ਕਰਵਾਏ। ਇਸ ਤੋਂ ਇਲਾਵਾ ਕਿਸਾਨ ਬੀਬੀਆਂ, ਪੇਂਡੂ ਨੌਜਵਾਨ ਅਤੇ ਕਿਸਾਨ ਨਿਰਮਾਤਾ ਸੰਗਠਨਾਂ ਨੂੰ ਵੀ ਢੁੱਕਵੀਂ ਸਿਖਲਾਈ ਦਿੱਤੀ ਗਈ। ਕੁਦਰਤੀ ਸਿਰਕਾ ਬਨਾਉਣ ਲਈ ਪੰਜ ਰੋਜ਼ਾ ਸਿਖਲਾਈ ਕੋਰਸ, ਮੌਸਮੀ ਫ਼ਲਾਂ ਅਤੇ ਸਬਜ਼ੀਆਂ ਤੋਂ ਇਲਾਵਾ ਬੇਕਰੀ, ਤੇਲ ਬੀਜਾਂ ਦੀ ਵਢਾਈ ਅਤੇ ਪ੍ਰੋਸੈਸਿੰਗ, ਖੇਤੀ ਉਦਯੋਗ ਕੰਪਲੈਕਸ ਸਥਾਪਿਤ ਕਰਨ ਤੋਂ ਇਲਾਵਾ ਸੋਇਆਬੀਨ ਅਤੇ ਦੁੱਧ ਦੇ ਮੁੱਲ ਵਾਧੇ ਦੀ ਸਿਖਲਾਈ ਦਿੱਤੀ ਗਈ। ਨਾਲ ਹੀ ਗੁੜ ਅਤੇ ਸ਼ੱਕਰ ਬਨਾਉਣ ਦੇ ਕੋਰਸ ਕਰਵਾਏ ਗਏ। ਸਿਖਲਾਈ ਉਪਰੰਤ ਭੋਜਨ ਉਦਯੋਗ ਬਿਜ਼ਨਸ ਇੰਨਕੂਬੇਸ਼ਨ ਸੈਂਟਰ ਅਤੇ ਪਾਬੀ ਰਾਹੀਂ ਪੇਂਡੂ ਨੌਜਵਾਨਾਂ ਨੂੰ ਕਾਰੋਬਾਰੀ ਮੁਹਾਰਤ ਨਾਲ ਜੋੜਨ ਦਾ ਪ੍ਰਬੰਧ ਕੀਤਾ ਗਿਆ। ਖੇਤੀ ਉੱਦਮੀਆਂ ਨੂੰ ਸਰਕਾਰੀ ਇਮਦਾਦ ਹਾਸਲ ਕਰਾਉਣ ਲਈ ਪੀ. ਏ. ਯੂ. ਨੇ ਢੁੱਕਵਾਂ ਯੋਗਦਾਨ ਪਾਇਆ। ਸ਼ਹਿਦ ਮੱਖੀ ਦੇ ਪੋਲਨ ਅਤੇ ਐਨਰਜੀ ਡਰਿੰਕ ਬਨਾਉਣ, ਕਰੀਮ ਸ਼ਹਿਦ ਅਤੇ ਗੰਨੇ ਦੇ ਜੂਸ ਦੀ ਪੈਕਿੰਗ ਤਕਨੀਕ ਦੇ ਵਪਾਰੀਕਰਨ ਲਈ ਵੀ ਯੋਗ ਕਾਰਜ ਕੀਤਾ ਗਿਆ। ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਖੇਤ ਵਿੱਚ ਸੰਭਾਲ ਕਰਕੇ ਮਿੱਟੀ ਦੀ ਸਿਹਤ ਨੂੰ ਕੁਦਰਤੀ ਤੌਰ 'ਤੇ ਸੁਧਾਰਨ ਦੀਆਂ ਤਕਨੀਕਾਂ ਕਿਸਾਨਾਂ ਤੱਕ ਪਹੁੰਚਾਈਆਂ ਗਈਆਂ। ਇਸ ਤੋਂ ਇਲਾਵਾ ਫ਼ਸਲੀ ਰਹਿੰਦ-ਖੂੰਹਦ ਤੋਂ ਕੰਪੋਸਟ, ਬਾਇਓਚਾਰ, ਪਸ਼ੂਆਂ ਦੀ ਖੁਰਾਕ, ਉਦਯੋਗਿਕ ਵਰਤੋਂ ਦੇ ਉਤਪਾਦ ਅਤੇ ਜੈਵਿਕ ਮਲਚਿੰਗ ਆਦਿ ਬਾਰੇ ਕਿਸਮਾਂ ਨੂੰ ਸਿੱਖਿਅਤ ਕੀਤਾ ਗਿਆ। ਇਸ ਨਾਲ ਨਾ ਸਿਰਫ਼ ਵਾਤਾਵਰਨ ਪੱਖੀ ਖੇਤੀ ਨੂੰ ਉਤਸ਼ਾਹ ਮਿਲਿਆ ਬਲਕਿ ਖੇਤੀ ਰਹਿੰਦ-ਖੂੰਹਦ ਦੀ ਕਦਰ ਵਿੱਚ ਵੀ ਇਜ਼ਾਫ਼ਾ ਹੋਇਆ।

ਪਸਾਰ ਵਿਗਿਆਨੀਆਂ, ਕਿਸਾਨ ਨਿਰਮਾਤਾ ਸੰਗਠਨਾਂ ਅਤੇ ਕਿਸਾਨਾਂ ਨੂੰ ਵਿਹਾਰਕ ਤੌਰ ਤੇ ਜਿਣਸਾਂ ਦੀ ਕਦਰ ਲੜੀ ਵਿੱਚ ਸ਼ਾਮਿਲ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦਾ ਕਾਰਜ ਯੂਨੀਵਰਸਿਟੀ ਨੇ ਕੀਤਾ। ਫਿਰੋਜ਼ਪੁਰ ਦੀ ਮਿਰਚ ਉਤਪਾਦਨ ਪੱਟੀ ਨੂੰ ਇਸ ਮੰਡੀਕਰਨ ਮੁਹਿੰਮ ਦਾ ਵਿਸ਼ੇਸ਼ ਲਾਭ ਮਿਲਿਆ। ਇਸ ਤੋਂ ਇਲਾਵਾ ਕਿੰਨੂ ਦੇ ਮੁੱਲ ਵਾਧੇ ਲਈ ਵੀ ਖਾਸ ਕੋਸ਼ਿਸ਼ਾਂ ਸਾਹਮਣੇ ਆਈਆਂ। ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਕਿਸਾਨ ਸੇਵਾ ਸਲਾਹਕਾਰ ਕੇਂਦਰਾਂ ਦੇ ਪਸਾਰ ਮਾਹਿਰਾਂ ਨੇ ਖੇਤੀਬਾੜੀ ਵਿਭਾਗ ਦੇ ਪਸਾਰ ਕਰਮੀਆਂ ਨਾਲ ਮਿਲ ਕੇ ਵੱਖ-ਵੱਖ ਫ਼ਸਲੀ ਪੱਟੀਆਂ ਵਿੱਚ ਕਿਸਾਨਾਂ ਨੂੰ ਪ੍ਰੇਰਿਤ ਕਰਨ ਦਾ ਕਾਰਜ ਕੀਤਾ।

ਪੰਜਾਬ ਦੀ ਖੇਤੀ ਦਾ ਭਵਿੱਖ ਦੇਖਦਿਆਂ ਪੀ.ਏ.ਯੂ. ਵੱਲੋਂ ਕਿਸਾਨਾਂ ਨੂੰ ਨਵੀਆਂ ਖੇਤੀ ਤਕਨੀਕਾਂ ਨਾਲ ਲੈਸ ਕਰਕੇ ਨਵੇਂ ਖੇਤੀ ਯੁੱਗ ਦੇ ਹਾਣ ਦਾ ਬਨਾਉਣ ਦੀਆਂ ਤਮਾਮ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਖੇਤੀ ਪ੍ਰੋਸੈਸਿੰਗ ਲਗਾਤਾਰ ਸੁੰਗੜ ਰਾਹੀਂ ਛੋਟੀ ਅਤੇ ਦਰਮਿਆਨੀ ਕਿਸਾਨੀ ਦੀ ਸੀਮਤ ਉਪਜ ਦੇ ਮੁੱਲ ਨੂੰ ਵਧਾਉਣ ਦਾ ਠੋਸ ਉਪਰਾਲਾ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਇਸ ਤਕਨੀਕ ਵਿੱਚ ਔਰਤਾਂ ਪੀ. ਏ. ਯੂ. ਤੋਂ ਸਿਖਲਾਈ ਲੈ ਕੇ ਆਪਣਾ ਉਤਪਾਦਨ ਭੋਜਨ ਉਦਯੋਗ ਇੰਨਕੂਬੇਸ਼ਨ ਕੇਂਦਰ ਰਾਹੀਂ ਪ੍ਰੋਸੈਸਿੰਗ ਨਮੂਨਿਆਂ ਵਿੱਚੋਂ ਲੰਘਾ ਕੇ ਪਾਬੀ ਤੋਂ ਮੰਡੀਕਰਨ ਦੇ ਗੁਰ ਸਿੱਖ ਕੇ ਆਪਣੇ ਪਰਿਵਾਰਾਂ ਦੀ ਆਮਦਨ ਵਿੱਚ ਵਾਧਾ ਕਰ ਸਕਦੀਆਂ ਹਨ। ਪੀ. ਏ. ਯੂ. ਵੱਲੋਂ ਲਾਏ ਜਾ ਰਹੇ ਸਤੰਬਰ 2025 ਦੇ ਕਿਸਾਨ ਮੇਲਿਆਂ ਦਾ ਸੁਨੇਹਾ 'ਜਿਣਸਾਂ ਤੋਂ ਉਤਪਾਦ ਬਣਾਈਏ, ਖੇਤੀ ਮੁਨਾਫ਼ਾ ਹੋਰ ਵਧਾਈਏ' ਰੱਖਿਆ ਗਿਆ ਹੈ। ਮਕਸਦ ਇਹੀ ਹੈ ਕਿ ਖੇਤੀ ਉੱਪਰ ਅਧਾਰਿਤ ਪਰਿਵਾਰਾਂ ਦੀ ਆਮਦਨ ਵਿੱਚ ਇਜ਼ਾਫ਼ਾ ਹੋਵੇ ਅਤੇ ਇਹ ਕਿੱਤਾ ਪੰਜਾਬ ਦੇ ਲੋਕਾਂ ਦੀ ਰੋਜ਼ੀ-ਰੋਟੀ ਦੀਆਂ ਲੋੜਾਂ ਦੀ ਪੂਰਤੀ ਦਾ ਸਬੱਬ ਬਣ ਸਕੇ। ਆਓ ਰਲ ਕੇ ਪੰਜਾਬ ਦੀ ਖੇਤੀ ਨੂੰ ਖੇਤੀ ਕਾਰੋਬਾਰੀ, ਵਿਗਿਆਨਕ ਅਤੇ ਸਿੱਖਿਅਤ ਦਿਸ਼ਾ ਵੱਲ ਲੈ ਚੱਲੀਏ।

**ਅਨੁਵਾਦ : ਜਗਵਿੰਦਰ ਸਿੰਘ**

# ਗਾਜਰ ਦੀ ਸਫਲ ਕਾਸ਼ਤ

## ਸ਼ੁੱਧ ਬੀਜ ਬਣਾਉਣ ਲਈ ਜ਼ਰੂਰੀ ਨੁਕਤੇ



ਰੂਮਾ ਦੇਵੀ ਅਤੇ ਤਰਸੇਮ ਸਿੰਘ ਢਿੱਲੋਂ, ਸਬਜ਼ੀ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋ. 98783-99555)

ਗਾਜਰਾਂ ਵਾਸਤੇ ਡੂੰਘੀ, ਪੋਲੀ, ਚੀਕਲੀ ਮੈਰਾ ਜ਼ਮੀਨ ਚੰਗੀ ਹੁੰਦੀ ਹੈ ਕਿਉਂਕਿ ਇਸ ਵਿੱਚ ਗਾਜਰਾਂ ਠੀਕ ਵਧਦੀਆਂ ਹਨ। ਭਾਰੀਆਂ ਜ਼ਮੀਨਾਂ ਜੜ੍ਹਾਂ ਦੇ ਵਧੇ ਨੂੰ ਰੋਕਦੀਆਂ ਹਨ ਅਤੇ ਜੜ੍ਹਾਂ ਨੂੰ ਦੁਸਾਂਗਤ ਬਣਾ ਦਿੰਦੀਆਂ ਹਨ। ਇਸ ਜ਼ਮੀਨ ਦੀ ਪੀ ਐਚ 6.5 ਹੋਵੇ, ਉਹ ਫ਼ਸਲ ਦੀ ਵਧੀਆ ਪੈਦਾਵਾਰ ਲਈ ਠੀਕ ਮੰਨੀ ਜਾਂਦੀ ਹੈ।

**ਬੀਜ ਦੀ ਮਾਤਰਾ ਅਤੇ ਬਿਜਾਈ :** ਗਾਜਰ ਦੀਆਂ ਦੇਸੀ ਕਿਸਮਾਂ ਦੀ ਬਿਜਾਈ ਲਈ ਅਗਸਤ-ਦਸੰਬਰ ਢੁੱਕਵਾਂ ਸਮਾਂ ਹੈ। ਇਸ ਫ਼ਸਲ ਲਈ ਬੀਜ ਦੀ ਮਾਤਰਾ 4 ਤੋਂ 5 ਕਿਲੋਗ੍ਰਾਮ ਪ੍ਰਤੀ ਏਕੜ ਦੀ ਸਿਫਾਰਸ਼ ਕੀਤੀ ਗਈ ਹੈ। ਛੋਟੇ ਪੱਧਰ ਤੇ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫਾਸਲਾ 45 ਸੈਂਟੀਮੀਟਰ ਅਤੇ ਬੂਟਿਆਂ ਦਾ ਫਾਸਲਾ 7.5 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਚੰਗੀ ਕੁਆਲਿਟੀ ਦੀ ਗਾਜਰ ਤਿਆਰ ਕਰਨ ਲਈ ਬੂਟਿਆਂ ਨੂੰ ਇੱਕ ਮਹੀਨੇ ਬਾਅਦ ਵਿਰਲਾ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਵਪਾਰਕ ਪੱਧਰ ਤੇ ਗਾਜਰ ਦੀ ਫ਼ਸਲ ਦੀ ਬਿਜਾਈ ਮਸ਼ੀਨ ਨਾਲ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਮਸ਼ੀਨ 67.5 ਸੈਂਟੀਮੀਟਰ ਦੇ ਫਾਸਲੇ ਤੇ ਇੱਕੋ ਵਾਰੀ 3 ਬੈੱਡ ਬਣਾਉਂਦੀ ਹੈ ਅਤੇ ਇੱਕ ਬੈੱਡ ਤੇ 4 ਲਾਈਨਾਂ ਵਿੱਚ ਗਾਜਰ ਦੀ ਬਿਜਾਈ ਕਰਦੀ ਹੈ। ਮਸ਼ੀਨੀ ਬਿਜਾਈ ਨਾਲ 2.5 ਕਿਲੋ ਪ੍ਰਤੀ ਏਕੜ ਬੀਜ ਕਾਫ਼ੀ ਹੁੰਦਾ ਹੈ ਅਤੇ ਬੂਟਿਆਂ ਨੂੰ ਵਿਰਲਾ ਕਰਨ ਦੀ ਲੋੜ ਨਹੀਂ ਪੈਂਦੀ।



**ਖਾਦਾਂ :** ਗਾਜਰ ਦੀ ਫ਼ਸਲ ਵਾਸਤੇ ਇੱਕ ਏਕੜ ਪਿੱਛੇ 15 ਟਨ ਗਲੀ ਸੜੀ ਰੂੜੀ ਪਾ ਕੇ ਚੰਗੀ ਤਰ੍ਹਾਂ ਮਿੱਟੀ ਵਿੱਚ ਮਿਲਾ ਦਿਓ। ਇਸ ਤੋਂ ਇਲਾਵਾ 55 ਕਿਲੋ ਯੂਰੀਆ, 75 ਕਿਲੋਗ੍ਰਾਮ ਸੁਪਰਫਾਸਫੇਟ ਅਤੇ 50 ਕਿਲੋਗ੍ਰਾਮ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਗਾਜਰ ਦਾ ਵਧੀਆ ਰੰਗ ਬਣਾਉਣ ਲਈ ਪੋਟਾਸ਼ ਦਾ ਪਾਉਣਾ ਬਹੁਤ ਜ਼ਰੂਰੀ ਹੈ।

**ਪਾਣੀ :** ਬਿਜਾਈ ਤੋਂ ਫੌਰਨ ਬਾਅਦ ਪਹਿਲਾ ਪਾਣੀ ਲਾਓ ਅਤੇ ਵੱਧ ਤੋਂ ਵੱਧ 3-4 ਪਾਣੀਆਂ ਦੀ ਲੋੜ ਹੁੰਦੀ ਹੈ। ਗਾਜਰ ਨੂੰ ਬਹੁਤਾ ਪਾਣੀ ਦੇਣ ਤੋਂ ਸੰਕੋਚ ਕਰਨਾ ਚਾਹੀਦਾ ਹੈ ਨਹੀਂ ਤਾਂ ਇਸ ਦਾ ਆਕਾਰ ਵਿਗੜ ਜਾਂਦਾ ਹੈ। ਗਾਜਰ ਦਾ ਰੰਗ ਨਹੀਂ ਬਣਦਾ ਅਤੇ ਪੱਤੇ ਵੀ ਜ਼ਿਆਦਾ ਆ ਜਾਂਦੇ ਹਨ।

**ਨਦੀਨਾਂ ਦੀ ਰੋਕਥਾਮ :** ਗਾਜਰ ਦੀ ਫ਼ਸਲ ਸ਼ੁਰੂ ਵਿੱਚ ਹੌਲੀ-ਹੌਲੀ ਵੱਧਦੀ ਹੈ, ਜਿਸ ਕਾਰਨ ਸ਼ੁਰੂ ਵਿੱਚ ਨਦੀਨਾਂ ਦੀ ਸਮੱਸਿਆ ਬਹੁਤ ਜ਼ਿਆਦਾ ਆ ਜਾਂਦੀ ਹੈ। ਗਾਜਰ ਦੀ ਫ਼ਸਲ ਦੀ ਸਮੇਂ ਸਿਰ ਗੋਡੀ ਕਰਦੇ ਰਹੋ ਤਾਂ ਕਿ ਉਸ ਵਿੱਚ ਹਵਾ ਦਾ ਸੰਚਾਰ ਹੁੰਦਾ ਰਹੇ। ਜੇਕਰ ਗਾਜਰ ਦਾ ਉਤਲਾ ਹਿੱਸਾ ਸੂਰਜ ਦੀ ਰੋਸ਼ਨੀ ਦੇ ਸੰਪਰਕ ਵਿੱਚ ਆ ਜਾਂਦਾ ਹੈ ਤਾਂ ਉਹ ਹਰਾ ਹੋ ਜਾਂਦਾ ਹੈ ਅਤੇ ਗਾਜਰਾਂ ਦੀ ਕੁਆਲਿਟੀ ਖਰਾਬ ਹੋ ਜਾਂਦੀ ਹੈ। ਇਸ ਲਈ ਗਾਜਰਾਂ ਬਣਨ ਸਮੇਂ ਮਿੱਟੀ ਦਾ ਚਾੜ੍ਹਨਾ ਬਹੁਤ ਜ਼ਰੂਰੀ ਹੈ।

**ਪੁਟਾਈ :** ਗਾਜਰਾਂ ਕਿਸਮ ਅਨੁਸਾਰ 85-100 ਦਿਨਾਂ ਬਾਅਦ ਪੁਟਾਈ ਯੋਗ ਹੋ ਜਾਂਦੀਆਂ ਹਨ। ਗਾਜਰਾਂ ਗੂੜ੍ਹੇ ਲਾਲ ਰੰਗ ਦੀਆਂ ਅਤੇ ਮੰਡੀਕਰਨ ਅਨੁਸਾਰ ਆਕਾਰ ਯੋਗ ਹੋਣ ਤਾਂ ਪੱਟੀਆਂ ਜਾ ਸਕਦੀਆਂ ਹਨ। ਲੇਬਰ ਨਾਲ ਪੁਟਾਈ ਅਤੇ ਚੁਗਾਈ ਦਾ ਖਰਚਾ ਜ਼ਿਆਦਾ ਆਉਂਦਾ ਹੈ। ਜਿਸ ਕਰਕੇ ਵੱਡੇ ਪੱਧਰ ਤੋਂ ਗਾਜਰ ਦੀ ਪੁਟਾਈ ਮਸ਼ੀਨਾਂ ਨਾਲ ਕਰਨੀ ਚਾਹੀਦੀ ਹੈ। ਇਹ ਮਸ਼ੀਨ 67.5 ਸੈਂਟੀਮੀਟਰ ਦੀ ਵਿੱਥ ਤੇ ਵੱਟਾਂ ਤੇ ਲੱਗੀਆਂ ਗਾਜਰਾਂ ਦੀ ਪੁਟਾਈ 0.62 ਏਕੜ ਪ੍ਰਤੀ ਘੰਟੇ ਵਿੱਚ ਕਰ ਸਕਦੀ ਹੈ।

**ਬੀਜ ਤਿਆਰ ਕਰਨਾ :** ਗਾਜਰ ਦਾ ਵਧੀਆ ਮਿਆਰ ਦਾ ਬੀਜ ਡੱਕਾਂ ਰਾਹੀਂ ਤਿਆਰ ਕੀਤਾ ਜਾਂਦਾ ਹੈ। ਦਸੰਬਰ ਦਾ ਦੂਜਾ ਪੰਦਰਵਾੜਾ ਗਾਜਰ ਦੀਆਂ ਦੇਸੀ ਕਿਸਮਾਂ ਦੇ ਡੱਕ ਲਾਉਣ ਲਈ ਢੁੱਕਵਾਂ ਸਮਾਂ ਹੈ। ਇਕ ਏਕੜ ਵਿੱਚ ਉਗਾਈਆਂ ਜੜ੍ਹਾਂ ਚਾਰ ਏਕੜ ਬੀਜ ਵਾਲੀ ਫ਼ਸਲ ਲਈ ਕਾਫ਼ੀ ਹਨ। ਜਿਸ ਖੇਤ ਵਿੱਚ ਬੀਜ ਤਿਆਰ ਕਰਨਾ ਹੋਵੇ ਉਸ ਖੇਤ ਵਿੱਚ ਅਣਚਾਹੇ ਪੌਦੇ ਨਹੀਂ ਹੋਣੇ ਚਾਹੀਦੇ। ਇਹ ਖੇਤ ਗਾਜਰ ਦੀਆਂ ਦੂਜੀਆਂ ਕਿਸਮਾਂ ਦੇ ਖੇਤਾਂ ਨਾਲੋਂ 1000 ਮੀਟਰ ਫਾਊਂਡੇਸ਼ਨ ਬੀਜ ਲਈ ਅਤੇ 800 ਮੀਟਰ ਸਰਟੀਫਾਈਡ ਬੀਜ ਲਈ ਦੂਰੀ ਤੇ ਹੋਣਾ ਚਾਹੀਦਾ ਹੈ। ਜਦੋਂ ਜੜ੍ਹਾਂ ਪੂਰੀਆਂ ਬਣ ਜਾਣ, ਤਾਂ ਉਹਨਾਂ ਦੇ ਢੰਗ, ਆਕਾਰ, ਬਣਤਰ, ਅੰਦਰਲੀ ਕੋਰ ਦਾ ਆਕਾਰ ਅਤੇ ਰੰਗ ਦੇ ਆਧਾਰ ਤੇ ਛਾਂਟੀ ਕਰਨੀ ਚਾਹੀਦੀ ਹੈ। ਛੋਟੀਆਂ, ਬੇਢੰਗੀਆਂ, ਬਿਮਾਰ, ਵਾਲਾਂ ਵਾਲੀਆਂ ਦੁਸਾਂਗੜਾਂ ਜੜ੍ਹਾਂ ਦੀ ਚੋਣ ਬੀਜ ਉਤਪਾਦਨ ਲਈ ਨਾ ਕਰੋ।

**ਡੱਕ ਬਣਾਉਣ ਅਤੇ ਲਗਾਉਣ ਦਾ ਤਰੀਕਾ :** ਗਾਜਰ ਦੇ ਡੱਕ ਬਣਾਉਣ ਵਾਸਤੇ ਜੜ੍ਹਾਂ ਦੀ ਤਿੰਨ ਚੌਥਾਈ ਲੰਬਾਈ ਤੇ ਕੱਟੋ ਅਤੇ ਇੱਕ ਤਿਹਾਈ ਪੱਤਿਆਂ ਨੂੰ ਕੱਟੋ ਤਾਂ ਕਿ ਬੀਜ ਫ਼ਸਲ ਦਾ ਵਾਧਾ ਜਲਦੀ ਹੋਵੇ ਤੇ ਬੀਜ ਵਾਲੀਆਂ ਸਾਖਾਵਾਂ ਜਲਦੀ ਨਿਕਲਣ। ਦਸੰਬਰ ਦੇ ਦੂਜੇ ਪੰਦਰਵਾੜੇ ਡੱਕਾਂ ਨੂੰ 45×30 ਸੈਂਟੀਮੀਟਰ ਤੇ ਲਾਉ। ਪ੍ਰਤੀ ਏਕੜ 30 ਕਿਲੋ ਨਾਈਟ੍ਰੋਜਨ (65 ਕਿਲੋ ਯੂਰੀਆ) ਅਤੇ 8 ਕਿਲੋ ਫ਼ਾਸਫੋਰਸ (50 ਕਿਲੋ ਸੁਪਰਫਾਸਫੇਟ) ਪਾਉ। ਸਾਰੀ ਫਾਸਫੋਰਸ ਅਤੇ ਅੱਧੀ ਨਾਈਟ੍ਰੋਜਨ ਡੱਕ ਲਾਉਣ ਤੋਂ ਪਹਿਲਾਂ ਖੇਤ ਵਿੱਚ ਮਿਲਾ ਦਿਉ। ਬਾਕੀ ਅੱਧੀ ਨਾਈਟ੍ਰੋਜਨ 30 ਦਿਨ ਬਾਅਦ ਪਾਉ।

**ਨਿਰੀਖਣ :** ਸ਼ੁੱਧ ਬੀਜ ਦੀ ਪੈਦਾਵਾਰ ਲਈ ਘੱਟੋ-ਘੱਟ ਚਾਰ ਵਾਰ ਬੂਟਿਆਂ ਦਾ ਨਿਰੀਖਣ ਕਰਨਾ ਚਾਹੀਦਾ ਹੈ। ਪਹਿਲਾ ਨਿਰੀਖਣ ਬਿਜਾਈ ਤੋਂ 25-30 ਦਿਨਾਂ ਬਾਅਦ ਕਰੋ ਅਤੇ ਪੱਤਿਆਂ ਦੀ ਬਣਤਰ ਦੀ ਭਿੰਨਤਾਵਾਂ ਦੇ ਅਨੁਸਾਰ ਅਣਚਾਹੇ ਬੂਟੇ ਕੱਢ ਦਿਉ। ਦੂਸਰਾ ਨਿਰੀਖਣ ਡੱਕ ਬਣਾਉਣ ਸਮੇਂ ਕਰੋ ਅਤੇ ਜਿਹੜੀਆਂ ਜੜ੍ਹਾਂ ਰੰਗ, ਆਕਾਰ, ਬਣਤਰ, ਅੰਦਰਲੀ ਕੋਰ ਦਾ ਆਕਾਰ ਅਤੇ ਰੰਗ ਆਦਿ ਵਿੱਚ ਭਿੰਨਤਾਵਾਂ ਦਿਖਾਉਂਦੀਆਂ ਹੋਣ ਤਾਂ ਉਹਨਾਂ ਨੂੰ ਪੁੱਟ ਦਿਉ ਤਾਂ ਕਿ ਸ਼ੁੱਧ ਬੀਜ ਤਿਆਰ ਕੀਤਾ ਜਾ ਸਕੇ। ਛੋਟੀਆਂ, ਬੇਢੰਗੀਆਂ, ਬਿਮਾਰ, ਜ਼ਿਆਦਾ ਵਾਲਾਂ ਵਾਲੀਆਂ ਤੇ ਦੁਸਾਂਗੜਾਂ ਵਾਲੀਆਂ ਜੜ੍ਹਾਂ ਦੀ ਚੋਣ ਬੀਜ ਪਲਟੀ ਨਾ ਕਰੋ। ਤੀਸਰਾ ਨਿਰੀਖਣ ਫੁੱਲ ਨਿਕਲਣ ਤੇ ਹੋਣਾ ਚਾਹੀਦਾ ਹੈ। ਅਗੇਤੇ ਅਤੇ ਪਛੇਤੇ ਨਿਸਰਣ ਵਾਲੇ ਜਾਂ ਕੋਈ ਵਾਧੂ ਬੂਟਾ ਖੇਤ ਵਿੱਚੋਂ ਪੁੱਟ ਦਿਉ। ਚੌਥਾ ਨਿਰੀਖਣ ਬੀਜ ਬਣਨ ਵੇਲੇ ਕਰਨਾ ਚਾਹੀਦਾ ਹੈ ਤਾਂ ਕਿ ਬੀਜ ਦਾ ਆਕਾਰ, ਬਣਤਰ, ਰੰਗ ਆਦਿ ਮੁੱਖ ਕਿਸਮ ਨਾਲ ਮੇਲ ਖਾਂਦੇ ਹੋਣ।

**ਕਟਾਈ :** ਇਸ ਫ਼ਸਲ ਦਾ ਬੀਜ ਇੱਕ ਸਾਰ ਨਹੀਂ ਪੱਕਦਾ। ਇਸ ਲਈ ਜਦੋਂ ਮੁੱਖ ਅਤੇ ਪਹਿਲੀ ਲੜੀ ਦੇ ਬੀਜ ਪੱਕ ਜਾਣ ਤਾਂ ਕਟਾਈ ਕਰ ਲੈਣੀ ਚਾਹੀਦੀ ਹੈ। ਕਟਾਈ ਕਰਨ ਤੋਂ ਬੂਟਿਆਂ ਨੂੰ ਕੁਝ ਦਿਨਾਂ ਲਈ ਛਾਂ ਹੇਠਾਂ ਸੁਕਾ ਕੇ ਬੀਜ ਕੱਢ ਲਉ। ਪੈਕਿੰਗ ਕਰਨ ਤੋਂ ਪਹਿਲਾਂ ਬੀਜ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਸੁਕਾ ਲੈਣਾ ਚਾਹੀਦਾ ਹੈ। ਗਾਜਰ ਦੇ ਬੀਜ ਦਾ 2-3 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਉੱਨਤ ਕਿਸਮਾਂ :**

| ਤੱਤ | ਕਿਸਮਾਂ | | | | |
|---|---|---|---|---|---|
| | *ਪੰਜਾਬ ਸੰਤਰੀ | ਪੰਜਾਬ ਜਾਮਣੀ | ਪੰਜਾਬ ਰੋਸ਼ਨੀ | ਪੀ ਸੀ-161 | **ਪੰਜਾਬ ਬਲੈਕ ਬਿਊਟੀ |
| ਗਾਜਰ ਦਾ ਰੰਗ | ਸੰਤਰੀ | ਜਾਮਣੀ | ਪੀਲਾ | ਗੂੜ੍ਹਾ ਲਾਲ | ਜਾਮਣੀ ਕਾਲਾ |
| ਸੁੱਕਾ ਮਾਦਾ (%) | 12.78 | 9.50 | 10.3 | 10.10 | 9.40 |
| ਮਿਠਾਸ (%) | 8.50 | 5.40 | 6.70 | 8.70 | 5.90 |
| ਲਿਊਟੀਨ (ਮਾਈਕਰੋ ਗ੍ਰਾਮ) | - | 19.30 | 446.5 | 4.80 | 9.20 |
| ਐਂਥੋਸਾਇਨਿਨ (ਮਿਲੀਗ੍ਰਾਮ) | - | 134.0 | 7.3 | 1.30 | 182.0 |
| ਬੀਟਾ ਕੈਰੋਟੀਨ (ਮਿਲੀਗ੍ਰਾਮ) | 14.72 | 5.58 | 7.42 | 8.90 | 2.32 |
| ਲੋਹਾ (ਮਿਲੀਗ੍ਰਾਮ) | 0.52 | 0.94 | 0.23 | 0.33 | 1.32 |
| ਜੂਸ (ਮਿਲੀਲਿਟਰ ਪ੍ਰਤੀ ਕਿਲੋ) | 515.00 | 500.00 | 476.00 | 575.00 | 583.00 |
| ਝਾੜ (ਕੁੰ./ਏਕੜ) | 180.00 | 218.00 | 207.00 | 256.00 | 196.00 |

★ ਇਸ ਕਿਸਮ ਦਾ ਬੀਜ ਪੰਜਾਬ ਵਿੱਚ ਪੈਦਾ ਕੀਤਾ ਜਾ ਸਕਦਾ ਹੈ। ★★ ਇਹ ਕਿਸਮ ਕਾਂਜੀ ਬਣਾਉਣ ਲਈ ਢੁੱਕਵੀਂ ਹੈ।

**ਗਾਜਰ ਦਾ ਸ਼ੁੱਧ ਬੀਜ ਤਿਆਰ ਕਰਨ ਲਈ ਮਾਪਦੰਡ :**

| ਗੁਣ/ਤੱਤ | ਬੀਜ ਦੇ ਮਾਪਦੰਡ | |
|---|---|---|
| | ਫਾਊਂਡੇਸ਼ਨ | ਸਰਟੀਫਾਈਡ |
| ਸ਼ੁੱਧ ਬੀਜ (ਘੱਟ ਤੋਂ ਘੱਟ) | 95.0% | 95.0% |
| ਫੂਸ ਅਤੇ ਮਿੱਟੀ ਘੱਟਾ (ਵੱਧ ਤੋਂ ਵੱਧ) | 5.0% | 5.0% |
| ਕਿਸੇ ਹੋਰ ਕਿਸਮ ਦੇ ਬੀਜ (ਵੱਧ ਤੋਂ ਵੱਧ) | 5/ਕਿਲੋ | 10/ਕਿਲੋ |
| ਨਦੀਨਾਂ ਦੇ ਬੀਜ (ਵੱਧ ਤੋਂ ਵੱਧ) | 5/ਕਿਲੋ | 10/ਕਿਲੋ |
| ਉੱਗਣ ਸ਼ਕਤੀ (ਘੱਟ ਤੋਂ ਘੱਟ) | 60% | 60% |
| ਬੀਜ ਵਿੱਚ ਨਮੀ (ਵੱਧ ਤੋਂ ਵੱਧ) | 8.0% | 8.0% |
| ਬੰਦ ਡੱਬਿਆਂ ਵਾਸਤੇ ਬੀਜ ਵਿੱਚ ਨਮੀ (ਵੱਧ ਤੋਂ ਵੱਧ) | 7.0% | 7.0% |

# ਕਿੱਥੇ ਚਲੇ ਜਾਂਦੇ ਹਨ?



ਜਨਮੇਜਾ ਸਿੰਘ ਜੌਹਲ

ਪਿੰਡਾਂ ਸ਼ਹਿਰਾਂ ਵਿੱਚ ਰਹਿੰਦੇ ਪਰਿਵਾਰ ਵਿੱਚ ਬਹੁਤ ਜ਼ਿਆਦਾ ਤਣਾਅ ਆ ਚੁੱਕਾ ਹੈ। ਪਹਿਲੋਂ ਗਿਣਿਆ ਜਾਂਦਾ ਸੀ ਕਿ ਪਿੰਡਾਂ ਵਿੱਚ ਤਣਾਅ ਨਹੀਂ ਹੁੰਦਾ, ਸ਼ਹਿਰਾਂ ਵਿੱਚ ਹੀ ਹੁੰਦਾ ਹੈ। ਪਰ ਹੁਣ ਇਹ ਗੱਲ ਸੱਚੀ ਨਹੀਂ ਰਹੀ। ਹੁਣ ਤਣਾਅ ਕਿਤੇ ਵੀ ਹੋ ਸਕਦਾ ਹੈ। ਮਨੁੱਖ ਜਦੋਂ ਇਸ ਤਣਾਅ ਨੂੰ ਸਹਿ ਨਹੀਂ ਸਕਦਾ ਹੈ ਤਾਂ ਉਹ ਕੋਈ ਅਜਿਹਾ ਕੰਮ ਕਰ ਦਿੰਦਾ ਹੈ, ਜਿਸ ਦਾ ਉਸ ਦੇ ਪਰਿਵਾਰ 'ਤੇ ਅਸਰ ਹੁੰਦਾ ਹੈ। ਬਹੁਤ ਸਾਰੇ ਪਿੰਡਾਂ ਤੇ ਸ਼ਹਿਰਾਂ ਵਿੱਚ ਇਹੋ ਜਿਹੇ ਪਰਿਵਾਰ ਹਨ, ਜਿਨ੍ਹਾਂ ਦਾ ਕੋਈ ਮੁਖੀ ਜਾਂ ਪਰਿਵਾਰ ਦਾ ਕੋਈ ਮੈਂਬਰ ਘਰ ਛੱਡ ਕੇ ਚਲਾ ਜਾਂਦਾ ਹੈ। ਉਹ ਕਿਉਂ ਜਾਂਦਾ ਹੈ, ਕਿਉਂਕਿ ਉਹ ਕਿਸੇ ਨਾ ਕਿਸੇ ਅਜਿਹੀ ਗੱਲ ਤੋਂ ਪ੍ਰੇਸ਼ਾਨ ਹੁੰਦਾ ਹੈ, ਜੋ ਉਸ ਦੀ ਜ਼ਿੰਦਗੀ ਜਿਊਣ ਦੀ ਇੱਛਾ ਖ਼ਤਮ ਕਰ ਦਿੰਦੀ ਹੈ। ਬਹੁਤੀ ਵਾਰੀ ਉਹ ਸਕੂਨ ਲੈਣ ਲਈ ਘਰ ਤੋਂ ਨਿਕਲ ਜਾਂਦਾ ਹੈ। ਕਈ ਵਾਰੀ ਦੱਸ ਕੇ ਤੇ ਕਈ ਵਾਰੀ ਬਿਨਾਂ ਦੱਸੇ। ਇਹੋ ਜਿਹੇ ਵੀ ਲੋਕ ਹਨ, ਜਿਨ੍ਹਾਂ ਦਾ 40-50 ਸਾਲ ਬਾਅਦ ਵੀ ਕੁਝ ਪਤਾ ਨਹੀਂ ਲੱਗਦਾ ਕਿ ਉਹ ਕਿੱਥੇ ਗਏ ਹਨ। ਉਹ ਕਿਸੇ ਸਕੂਨ ਦੀ ਭਾਲ ਵਿੱਚ ਘਰੋਂ ਨਿਕਲਦੇ ਹਨ ਪਰ ਕੀ ਉਨ੍ਹਾਂ ਨੂੰ ਸਕੂਨ ਮਿਲ ਜਾਂਦਾ ਹੈ? ਇਹ ਇੱਕ ਬਹੁਤ ਵੱਡਾ ਸਵਾਲ ਹੈ। ਅਸਲ ਵਿੱਚ ਅਸੀਂ ਘਰੋਂ ਨਿਕਲਦੇ ਬੰਦੇ ਨੂੰ ਦੇਖ ਸਕਦੇ ਹਾਂ ਪਰ ਉਹ ਜਾਂਦਾ ਕਿੱਥੇ ਹੈ, ਇਹ ਕਿਸੇ ਨੂੰ ਨਹੀਂ ਪਤਾ। ਇੱਕ ਅੰਦਾਜ਼ੇ ਮੁਤਾਬਕ ਬਹੁਤ ਸਾਰੇ ਡੇਰਿਆਂ ਵਿੱਚ ਅਜਿਹੇ ਲੋਕ ਮਿਲ ਜਾਂਦੇ ਹਨ, ਜੋ ਸੇਵਾਦਾਰ ਦੇ ਤੌਰ 'ਤੇ ਕੰਮ ਕਰਦੇ ਜਾਂ ਕੋਈ ਹੋਰ ਛੋਟਾ-ਮੋਟਾ, ਪਾਠ-ਪੂਜਾ ਵੀ ਕਰਦੇ ਦੇਖੇ ਜਾਂਦੇ ਹਨ। ਤੁਰ ਕੇ ਹੀ ਉਹ ਹਜ਼ਾਰਾਂ ਮੀਲ ਸਫ਼ਰ ਵੀ ਤੈਅ ਕਰ ਲੈਂਦੇ ਹਨ। ਪਰ ਕੀ ਸਕੂਨ ਉਨ੍ਹਾਂ ਨੂੰ ਮਿਲ ਜਾਂਦਾ ਹੈ? ਨਹੀਂ, ਇਸ ਦਾ ਪਤਾ ਹੀ ਨਹੀਂ ਲੱਗਦਾ। ਕਈ ਇਹੋ ਜਿਹੇ ਬੰਦਿਆਂ ਨਾਲ ਮੇਰੀ ਮੁਲਾਕਾਤ ਹੋਈ ਹੈ ਤੇ ਉਹ ਕਹਿੰਦੇ ਹਨ ਕਿ ਸਾਨੂੰ ਘਰ ਦੀ ਯਾਦ ਵੀ ਨਹੀਂ ਆਉਂਦੀ, ਅਸੀਂ ਉਸ ਘਰ ਵਿੱਚ ਜਾਣਾ ਹੀ ਨਹੀਂ ਚਾਹੁੰਦੇ, ਜਿੱਥੋਂ ਅਸੀਂ ਆਏ ਹਾਂ। ਇਹ ਵੀ ਹੋ ਸਕਦਾ ਹੈ ਕਿ ਜਾਣਾ ਚਾਹੁੰਦੇ ਵੀ ਹੋਣ ਪਰ ਹਾਲਾਤ ਅਜਿਹੇ ਬਣ ਗਏ ਹੋਣ ਕਿ ਉਹ ਜਾ ਹੀ ਨਹੀਂ ਸਕਦੇ। ਇਹ ਲੋਕ ਗੁੰਮ ਜਾਂਦੇ ਹਨ ਧਰਤੀ 'ਤੇ, ਇਸੇ ਧਰਤੀ ਦੇ ਉੱਤੇ। ਰਿਸ਼ਤਿਆਂ ਨਾਲੋਂ ਟੁੱਟ ਕੇ ਉਹ ਆਪਣਾ ਜੀਵਨ ਆਜ਼ਾਦ ਜਿਊਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਉਹ ਕਿਤੇ ਮਰ-ਖਪ ਜਾਂਦੇ ਹਨ ਤਾਂ ਉਨ੍ਹਾਂ ਦਾ ਵੀ ਕਿਸੇ ਨੂੰ ਕੁਝ ਪਤਾ ਨਹੀਂ ਲੱਗਦਾ। ਬਹੁਤ ਘੱਟ ਹਨ ਜੋ ਜਪੀ-ਤਪੀ ਬਣਦੇ ਹਨ ਜਾਂ ਫਿਰ ਦੂਰ-ਦੁਰਾਡੇ, ਪੰਜਾਬ ਤੋਂ ਜਿਵੇਂ ਕੇਰਲਾ ਵੱਲ ਚਲੇ ਜਾਣ। ਆਮ ਤੌਰ 'ਤੇ ਇਹ ਇੱਕ ਰਹੱਸ ਹੀ ਰਹਿ ਜਾਂਦਾ ਹੈ ਕਿ ਇਹ ਲੋਕ ਕਿੱਥੇ ਚਲੇ ਜਾਂਦੇ? ਇਹ ਲੋਕ ਕਿਉਂ ਚਲੇ ਜਾਂਦੇ? ਕੀ ਇਨ੍ਹਾਂ ਦੇ ਮਨ ਦੀ ਮੁਰਾਦ ਪੂਰੀ ਹੋ ਕੇ ਉਸ ਕਲੇਸ਼ ਤੋਂ ਬਚ ਜਾਂਦੇ ਹਨ, ਜਿਸ ਤੋਂ ਉਹ ਬਚਣਾ ਚਾਹੁੰਦੇ ਹਨ? ਇਹ ਰਹੱਸ ਸ਼ਾਇਦ ਹੀ ਕਦੇ ਖੁੱਲ੍ਹੇ।



## ਆਮਦਨ ਵਧਾਉਣ ਲਈ ਸਭ ਤੋਂ ਉੱਤਮ ਤਰੀਕਾ

# ਦੁੱਧ ਪਦਾਰਥ ਬਣਾਉਣਾ

**ਡਾ. ਬਲਵਿੰਦਰ ਸਿੰਘ ਢਿੱਲੋਂ**
**ਗੁਰੂ ਕਾਂਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋਂ, ਬਠਿੰਡਾ**

**ਡੇਅਰੀ ਫਾਰਮਿੰਗ ਇਕ ਲਾਹੇਵੰਦ ਧੰਦਾ ਹੈ ਅਤੇ ਆਮਦਨ ਵਧਾਉਣ ਲਈ ਸਭ ਤੋਂ ਉੱਤਮ ਹੈ। ਪਰ ਜੇਕਰ ਦੁੱਧ ਤੋਂ ਵੱਖ-ਵੱਖ ਪਦਾਰਥ ਜਿਵੇਂ ਕਿ ਪਨੀਰ ਪਾਣੀ (ਵ੍ਹੇਅ / ਬੈਵਰੇਜ), ਦਹੀਂ, ਮੱਖਣ, ਲੱਸੀ ਅਤੇ ਦੇਸੀ ਘਿਉ ਬਣਾਕੇ ਵੇਚੇ ਜਾਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਦੁੱਧ ਕੁਦਰਤ ਦੀ ਵੱਡਮੁੱਲੀ ਦੇਣ ਹੈ। ਇਸ ਵਿੱਚ ਬਹੁਤ ਸਾਰੇ ਕੀਮਤੀ ਪੌਸ਼ਟਿਕ ਤੱਤ ਹੁੰਦੇ ਹਨ ਅਤੇ ਇਹ ਮਨੁੱਖੀ ਸਿਹਤ ਲਈ ਬਹੁਤ ਲਾਭਦਾਇਕ ਅਤੇ ਅਤਿ ਜ਼ਰੂਰੀ ਹੁੰਦੇ ਹਨ ਜਿਵੇਂ ਕਿ ਕੈਲਸ਼ੀਅਮ, ਔਸਟਿਉਪਰੋਸਿਸ ਨੂੰ ਰੋਕਦਾ ਹੈ। ਵਿਟਾਮਿਨ ਡੀ ਸਰੀਰਕ ਵਿਕਾਸ ਅਤੇ ਕੈਂਸਰ ਤੋਂ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।**

ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਅਤੇ ਇਸ ਦੀ ਜ਼ਿਆਦਾਤਰ ਆਬਾਦੀ (60-70%) ਖੇਤੀ ਬਾੜੀ ਦੇ ਧੰਦੇ ਨਾਲ ਜੁੜੀ ਹੋਈ ਹੈ। ਪਰ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਮਹਿੰਗਾਈ ਦਾ ਚੋਖਾ ਵਾਧਾ ਅਤੇ ਰੋਜ਼ਾਨਾ ਜ਼ਿੰਦਗੀ ਦੇ ਖਰਚੇ ਸਾਨੂੰ ਮਜ਼ਬੂਰ ਕਰ ਰਹੇ ਹਨ ਕਿ ਇਕੱਲੀ ਖੇਤੀਬਾੜੀ ਦਾ ਧੰਦਾ ਇਹ ਸਭ ਕੁਝ ਦੀ ਪੂਰਤੀ ਨਹੀਂ ਕਰ ਸਕਦਾ। ਸਾਡੀਆਂ ਸਰਕਾਰਾਂ ਇਸ ਗੱਲ ਉੱਪਰ ਇੱਕ ਜੁੱਟ ਹਨ ਕਿ ਖੇਤੀਬਾੜੀ ਦੀ ਆਮਦਨ ਵਿੱਚ ਚੋਖਾ ਵਾਧਾ ਹੋਵੇ ਤਾਂ ਜੋ ਸਾਡੀ ਕਿਰਸਾਨੀ ਨਾਲ ਸੰਬੰਧਿਤ ਸਾਰੇ ਪਰਿਵਾਰ ਆਪਣਾ ਜੀਵਨ ਵਧੀਆ ਅਤੇ ਸੁਖਾਵਾ ਬਤੀਤ ਕਰ ਸਕਣ।

ਡੇਅਰੀ ਫਾਰਮਿੰਗ ਇਕ ਲਾਹੇਵੰਦ ਧੰਦਾ ਹੈ ਅਤੇ ਆਮਦਨ ਵਧਾਉਣ ਲਈ ਸਭ ਤੋਂ ਉੱਤਮ ਹੈ। ਪਰ ਜੇਕਰ ਦੁੱਧ ਤੋਂ ਵੱਖ ਵੱਖ ਪਦਾਰਥ ਜਿਵੇਂ ਕਿ ਪਨੀਰ ਪਾਣੀ (ਵ੍ਹੇਅ/ਬੈਵਰੇਜ), ਦਹੀਂ, ਮੱਖਣ, ਲੱਸੀ ਅਤੇ ਦੇਸੀ ਘਿਉ ਬਣਾਕੇ ਵੇਚੇ ਜਾਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਦੁੱਧ ਕੁੱਦਰਤ ਦੀ ਵੱਡਮੁੱਲੀ ਦੇਣ ਹੈ। ਇਸ ਵਿੱਚ ਬਹੁਤ ਸਾਰੇ ਕੀਮਤੀ ਪੌਸ਼ਟਿਕ ਤੱਤ ਹੁੰਦੇ ਹਨ ਅਤੇ ਇਹ ਮਨੁੱਖੀ ਸਿਹਤ ਲਈ ਬਹੁਤ ਲਾਭਦਾਇਕ ਅਤੇ ਅਤਿ ਜ਼ਰੂਰੀ ਹੁੰਦੇ ਹਨ ਜਿਵੇਂ ਕਿ ਕੈਲਸ਼ੀਅਮ, ਔਸਟਿਉਪੋਰੋਸਿਸ (Ostoporosis) ਨੂੰ ਰੋਕਦਾ ਹੈ। ਵਿਟਾਮਿਨ ਡੀ ਸਰੀਰਕ ਵਿਕਾਸ ਅਤੇ ਕੈਂਸਰ ਤੋਂ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਦੁੱਧ ਪਦਾਰਥ ਤਿਆਰ ਕਰਨਾ ਇਕ ਨਿਵੇਕਲੀ ਕਿਸਮ ਦੀ ਕਲਾ ਹੈ। ਭਾਵੇਂ ਭਾਰਤ ਵਿਚ ਕੁੱਲ ਪੈਦਾ ਹੋਏ ਦੁੱਧ ਦਾ ਬਹੁਤਾ ਹਿੱਸਾ ਦੇਸੀ ਦੁੱਧ ਪਦਾਰਥ (ਮੱਖਣ, ਪਨੀਰ, ਦੇਸੀ ਘਿਉ ਅਤੇ ਲੱਸੀ ਆਦਿ) ਬਣਾਉਣ ਵਿੱਚ ਖਪਤ ਹੋ ਜਾਂਦਾ ਹੈ। ਦੁੱਧ ਉਤਪਾਦਕਾਂ ਨੂੰ ਇਨ੍ਹਾਂ ਪਦਾਰਥਾਂ ਦੀ ਮਹੱਤਤਾ, ਬਣਾਉਣ ਦੇ ਢੰਗਾਂ, ਕੁਆਲਿਟੀ ਸੁਧਾਰ ਅਤੇ ਮੰਡੀਕਰਣ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਡੇਅਰੀ ਖੋਜ ਸੰਸਥਾਵਾਂ



/ ਵੈਟਨਰੀ / ਖੇਤੀ ਯੂਨੀਵਰਸਿਟੀਆਂ ਵਲੋਂ ਵਿਕਸਤ ਕੀਤੀਆਂ ਗਈਆਂ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਦੀ ਬਹੁਤ ਜ਼ਰੂਰਤ ਹੈ ਤਾਂ ਜੋ ਉਹ ਡੇਅਰੀ ਫਾਰਮਿੰਗ ਦੇ ਧੰਦੇ ਨੂੰ ਵਪਾਰਕ ਪੱਧਰ ਉੱਤੇ ਅਪਣਾ ਕੇ ਅਤੇ ਦੁੱਧ ਤੋਂ ਦੁੱਧ ਪਦਾਰਥ ਬਣਾਕੇ ਅਤੇ ਵੇਚਕੇ ਦੁੱਧ ਦੀ ਕੀਮਤ ਵਿਚਲਾ ਵਾਧਾ ਪ੍ਰਾਪਤ ਕਰ ਸਕਣ। ਵੱਡੇ ਪੱਧਰ 'ਤੇ ਭਾਰਤੀ ਦੁੱਧ ਪਦਾਰਥਾਂ ਨੂੰ ਬਣਾਉਣ, ਵੇਚਣ, ਕੁਆਲਿਟੀ ਸੁਧਾਰਨ ਅਤੇ ਨਵੀਆਂ ਤਕਨੀਕਾਂ ਦੇ ਕਾਢ ਕੱਢਣ ਦੇ ਖੇਤਰ ਵਿੱਚ ਕੋਈ ਸ਼ਲਾਘਾ ਯੋਗ ਕਦਮ ਨਹੀਂ ਚੁੱਕਿਆ ਗਿਆ ਹੈ। ਜਿਸ ਕਰਕੇ ਡੇਅਰੀ ਦੇ ਧੰਦੇ ਨਾਲ ਜੁੜੇ ਜ਼ਿਆਦਾਤਰ ਕਿਸਾਨ ਸਿੱਧਾ ਦੁੱਧ ਵੇਚਣ ਤੱਕ ਹੀ ਇਸ ਧੰਦੇ ਨੂੰ ਸੀਮਤ ਰੱਖਦੇ ਹਨ।

ਪਿੰਡ ਪੱਧਰ ਉੱਤੇ ਖਾਸ ਕਰਕੇ ਸ਼ਹਿਰਾਂ ਨਾਲ ਲੱਗਦੇ ਪਿੰਡਾਂ ਵਿੱਚ ਦੁੱਧ ਤੋਂ ਦੁੱਧ ਪਦਾਰਥ ਬਣਾਕੇ ਅਤੇ ਸਿੱਧਿਆਂ ਖਪਤਕਾਰਾਂ ਨੂੰ ਵੇਚਣ ਨਾਲ ਦੁੱਧ ਉਤਪਾਦਕਾਂ ਨੂੰ ਦੁੱਧ ਦੀਆਂ ਉੱਚੀਆਂ ਕੀਮਤਾਂ ਮਿਲ ਸਕਦੀਆਂ ਹਨ। ਇਸ ਕੰਮ ਵੱਲ ਨਾ ਤਾਂ ਪੰਜਾਬ ਦਾ ਕਿਸਾਨ ਪ੍ਰੇਰਿਤ ਹੈ ਅਤੇ ਨਾ ਹੀ ਕਿਸਾਨ ਨੂੰ ਮਾਰਗ ਦਰਸਾਉਣ ਵਾਲੀ ਕੋਈ ਸੰਸਥਾ। ਸਿੱਟੇ ਵਜੋਂ ਸ਼ਹਿਰਾਂ ਤੇ ਕਸਬਿਆਂ ਵਿੱਚ ਦੁੱਧ ਤੋਂ ਦੇਸੀ ਦੁੱਧ ਪਦਾਰਥ ਜਿਵੇਂ ਕਿ ਦਹੀਂ, ਲੱਸੀ, ਕੁਲਫੀ ਅਤੇ ਵੱਖ ਵੱਖ ਤਰ੍ਹਾਂ ਦੀਆਂ ਮਠਿਆਈਆਂ ਬਣਾਉਣ ਵਿੱਚ ਗੈਰ ਪੰਜਾਬੀ ਲੋਕਾਂ ਦਾ ਬੋਲਬਾਲਾ ਹੋਇਆ ਹੈ। ਜਿਵੇਂ ਕਿ ਸਮੇਂ ਦੀ ਮੰਗ ਹੈ ਕਿ ਖੇਤੀ ਵਿਭਿੰਨਤਾ ਇਸ ਵੇਲੇ ਪੰਜਾਬ ਦੇ ਕਿਸਾਨ ਅਤੇ ਪੰਜਾਬ ਸਰਕਾਰ ਲਈ ਮੁੱਖ ਚੈਲਿੰਜ ਬਣਿਆ ਹੋਇਆ ਹੈ, ਲਾਹੇਵੰਦ ਡੇਅਰੀ ਫਾਰਮਿੰਗ ਅਪਣਾ ਕੇ ਹੀ ਖੇਤੀ ਵਿਭਿੰਨਤਾ ਦੇ ਨਾਲ ਨਾਲ ਬੇਰੁਜ਼ਗਾਰ ਨੌਜਵਾਨਾਂ ਨੂੰ ਲਾਹੇਵੰਦ ਰੋਜ਼ਗਾਰ ਦਿੱਤਾ ਜਾ ਸਕਦਾ ਹੈ। ਦੁੱਧ ਉਤਪਾਦਕਾਂ ਦੀ ਸਹੂਲਤ ਲਈ ਇਸ ਲੇਖ ਵਿੱਚ ਦੁੱਧ ਪਦਾਰਥ ਜੋ ਕਿ ਪਿੰਡ ਪੱਧਰ ਉੱਪਰ ਬੜੀ ਆਸਾਨੀ ਨਾਲ ਬਣਾਕੇ ਵੇਚੇ ਜਾ ਸਕਦੇ ਹਨ, ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਪਨੀਰ ਬਣਾਉਣਾ** : ਪਨੀਰ ਨੂੰ ਨਰਮ 'ਚੀਜ਼' (cheese) ਵੀ ਕਿਹਾ ਜਾਂਦਾ ਹੈ। ਦੁੱਧ ਦੇ ਉਬਾਲ ਦਰਜੇ ਦੇ ਨੇੜੇ ਤਾਜ਼ੇ ਦੁੱਧ ਨੂੰ ਗਰਮ ਕਰਕੇ ਇਸ ਨੂੰ ਸਿਟਰਿਕ ਏਸਿਡ/ਲੈਕਟਿਕ ਏਸਿਡ ਨਾਲ ਪਾੜਕੇ ਪ੍ਰਾਪਤ ਕੀਤੇ ਠੋਸ ਮਾਦੇ ਨੂੰ ਪਨੀਰ ਕਹਿੰਦੇ ਹਨ ਅਤੇ ਇੰਝ ਪ੍ਰਾਪਤ ਹੋਏ ਤਰਲ ਪਦਾਰਥ ਨੂੰ ਵ੍ਹੇਹ (ਪਨੀਰ ਪਾਣੀ) ਕਹਿੰਦੇ ਹਨ। ਪਨੀਰ ਬਹੁਤੀਆਂ ਭਾਰਤੀਆਂ ਮਠਿਆਈਆਂ ਦਾ ਆਧਾਰ ਹੈ। ਪਨੀਰ ਦੀ ਫੈਟ ਕੁੱਲ ਸੁੱਕੇ ਮਾਦੇ ਦਾ 50 ਪ੍ਰਤੀਸ਼ਤ ਤੋਂ ਘੱਟ ਨਹੀਂ ਹੋਣੀ ਚਾਹੀਦੀ ਅਤੇ ਨਮੀਂ ਦੀ ਮਾਤਰਾ 55 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ।

**ਪਨੀਰ ਦੀ ਬਣਤਰ** : ਦੁੱਧ ਵਿਚਲੀ ਫੈਟ, ਦੁੱਧ ਨੂੰ ਪਾੜਨ ਦਾ ਤਰੀਕਾ, ਪਨੀਰ ਨੂੰ ਪੁਨਣ ਦਾ ਤਰੀਕਾ ਅਤੇ ਦੁੱਧ ਤੱਤਾਂ ਦਾ ਵ੍ਹੇ ਵਿੱਚ ਨਿਕਲਣਾ, ਪਨੀਰੀ ਦੀ ਬਣਤਰ ਨੂੰ ਪ੍ਰਭਾਵਿਤ ਕਰਦੇ ਹਨ। ਵਧੀਆ ਕੁਆਲਿਟੀ ਦਾ ਪਨੀਰ ਬਣਾਉਣ ਲਈ 5-6 ਪ੍ਰਤੀਸ਼ਤ ਫੈਟ ਅਤੇ 8.5-9.0 ਪ੍ਰਤੀਸ਼ਤ ਐਸ. ਐਨ. ਐਫ ਵਾਲਾ ਦੁੱਧ ਵਧੀਆ ਰਹਿੰਦਾ ਹੈ। ਨਿਰੋਲ ਮੱਝ ਦੇ ਦੁੱਧ ਵਿੱਚ ਜੇ 3:1 ਗਊਕਾ ਦੁੱਧ ਮਿਲਾਉਣ ਨਾਲ ਦੁੱਧ ਦੀ ਲਾਗਤ 'ਤੇ ਖਰਚਾ ਘੱਟ ਕਰ ਸਕਦੇ ਹਾਂ ਅਤੇ ਪਨੀਰ ਦੀ ਕੁਆਲਿਟੀ ਅਤੇ ਉਤਪਾਦਨ ਪੂਰੀ ਮਾਤਰਾ ਵਿੱਚ ਹੋਵੇਗਾ।

**ਪਨੀਰ ਦੀ ਪੌਸ਼ਟਿਕਤਾ** : ਪਨੀਰ ਫੈਟ ਅਤੇ ਪ੍ਰੋਟੀਨ ਭਰਪੂਰ ਉਤਪਾਦ ਹੈ ਅਤੇ ਇਸ ਵਿੱਚ ਕੈਲਸ਼ੀਅਮ, ਫਾਸਫੋਰਸ ਤੱਤ ਵੀ ਹੁੰਦੇ ਹਨ। ਪਨੀਰ ਵਿੱਚ ਫੈਟ ਵਿੱਚ ਘੁਲਣਸ਼ੀਲ ਵਿਟਾਮਿਨ 'ਏ' ਅਤੇ 'ਡੀ' ਵੀ ਹੁੰਦੇ ਹਨ। ਪਨੀਰ ਕਿਉਂਕਿ ਪ੍ਰੋਟੀਨ ਯੁਕਤ ਘੱਟ ਸ਼ੂਗਰ ਵਾਲਾ ਪਦਾਰਥ ਹੈ, ਇਸ ਲਈ ਇਹ ਸ਼ੂਗਰ ਦੇ ਰੋਗੀਆਂ ਲਈ ਢੁੱਕਵਾਂ ਭੋਜਨ ਹੈ। ਸਪਰੇਟੇ ਦੁੱਧ ਤੋਂ ਵੀ ਪਨੀਰ ਬਣਾਇਆ ਜਾ ਸਕਦਾ ਹੈ।

**ਪਨੀਰ ਬਣਾਉਣ ਦਾ ਤਰੀਕਾ** : ਸਭ ਤੋਂ ਪਹਿਲਾਂ ਸਟੇਨਲੈਸ ਸਟੀਲ ਦੇ ਬਰਤਨ ਵਿੱਚ ਦੁੱਧ ਨੂੰ ਗਰਮ ਕੀਤਾ ਜਾਂਦਾ ਹੈ। ਦੁੱਧ ਨੂੰ 82 ਡਿਗਰੀ ਸੈਂਟੀਗ੍ਰੇਡ ਉੱਪਰ ਪੰਜ ਮਿੰਟ ਲਈ ਗਰਮ ਕੀਤਾ ਜਾਂਦਾ ਹੈ ਅਤੇ ਫਿਰ 70 ਡਿਗਰੀ ਸੈਂਟੀਗ੍ਰੇਡ ਉੱਪਰ ਠੰਡਾ ਕੀਤਾ ਜਾਂਦਾ ਹੈ। ਗਰਮ ਕਰਦੇ ਸਮੇਂ ਦੁੱਧ ਨੂੰ ਲਗਾਤਾਰ ਸਟੇਨਲੈਸ ਸਟੀਲ ਦੇ ਖੁਰਚਣੇ ਨਾਲ ਹਿਲਾਉਂਦੇ ਰਹਿਣਾ ਚਾਹੀਦਾ ਹੈ। 70 ਡਿਗਰੀ ਸੈਂਟੀਗ੍ਰੇਡ ਉੱਪਰ ਸਿਟਰਿਕ ਐਸਿਡ ਜਾਂ ਲੈਕਟਿਕ ਐਸਿਡ ਦੇ 1-2 ਪ੍ਰਤੀਸ਼ਤ ਘੋਲ ਨੂੰ ਦੁੱਧ ਪਾੜਨ ਲਈ ਵਰਤਨਾ ਚਾਹੀਦਾ ਹੈ। ਜੇਕਰ 40 ਕਿਲੋ ਦੁੱਧ ਤੋਂ ਪਨੀਰ ਬਣਾਉਣਾ ਹੈ ਤਾਂ 80 ਗ੍ਰਾਮ ਸਿਟਰਿਕ ਐਸਿਡ 800 ਗ੍ਰਾਮ ਪਾਣੀ ਵਿੱਚ ਘੋਲ ਕੇ 70 ਡਿਗਰੀ ਸੈਂਟੀਗ੍ਰੇਡ ਤਾਪਮਾਨ ਵਾਲੇ ਦੁੱਧ ਵਿੱਚ ਥੋੜਾ ਥੋੜਾ 1/2 ਤੋਂ 1 ਮਿੰਟ ਦੇ ਦੌਰਾਨ ਪਾਓ। ਜਦੋਂ ਦੁੱਧ ਪੂਰੀ ਤਰ੍ਹਾਂ ਪਾੜ ਜਾਵੇ ਅਤੇ ਹਰੇ ਰੰਗ ਦੀ ਵੇਹ ਵਿਖਾਈ ਦੇਣ ਲੱਗ ਜਾਵੇ ਤਾਂ ਐਸਿਡ ਪਾਉਣਾ ਬੰਦ ਕਰ ਦਿਉ, ਇਸਨੂੰ ਇਸੇ ਹਾਲਤ ਵਿੱਚ ਪੰਜ ਮਿੰਟ ਰਹਿਣ ਦਿਓ। ਸਾਫ ਕੱਪੜੇ ਨਾਲ ਇਸ ਪਾਟੇ ਹੋਏ ਦੁੱਧ ਨੂੰ ਟੱਬ ਜਾਂ ਸਟੀਲ ਦੀ ਬਾਲਟੀ ਵਿੱਚ ਮਲਮਲ ਦੇ ਕੱਪੜੇ ਉੱਪਰ ਉਲਟਾ ਦਿਓ। ਵ੍ਹੇ ਟੱਬ/ਬਾਲਟੀ ਵਿੱਚ ਅਤੇ ਪਨੀਰ ਮਲਮਲ ਦੇ ਕੱਪੜੇ ਵਿੱਚ ਇਕੱਠਾ ਹੋ ਜਾਵੇਗਾ। ਪਨੀਰ ਨੂੰ 15-20 ਮਿੰਟ ਪ੍ਰੈਸ ਕਰਨ ਤੋਂ ਬਾਅਦ ਲੋੜੀਂਦੇ ਆਕਾਰ ਦੇ ਸਾਈਜ਼ ਕੱਟਕੇ ਠੰਡੇ ਪਾਣੀ ਵਿਚ ਜਿਸਦਾ ਤਾਪਮਾਨ 4 ਡਿਗਰੀ ਸੈਂਟੀਗ੍ਰੇਡ ਹੋਵੇ, ਉਸ ਵਿੱਚ ਡੁਬੋ ਦਿਓ। ਇੰਝ ਠੰਡੇ ਕੀਤੇ ਹੋਏ ਇਨ੍ਹਾਂ ਪਨੀਰ ਦੇ ਟੁਕੜਿਆਂ ਨੂੰ ਸਾਫ ਕੱਪੜੇ ਵਿੱਚ ਲਪੇਟ ਕੇ ਕੁਝ ਦੇਰ ਸਾਫ ਮੇਜ਼ ਉੱਪਰ ਰੱਖਿਆ ਜਾਂਦਾ ਹੈ ਤਾਂ ਜੋ ਪਨੀਰ ਦੀ ਸਤਹਿ ਉੱਪਰ ਲੱਗਿਆ ਪਾਣੀ ਨੁੱਚੜ ਜਾਵੇ। ਇਨ੍ਹਾਂ ਟੁਕੜਿਆਂ ਨੂੰ ਸਾਫ ਮਲਮਲ ਦੇ ਟੁਕੜਿਆਂ ਨਾਲ ਸੁਕਾ ਕੇ ਪੋਲੀਥੀਨ ਦੇ ਲਿਫਾਫਿਆਂ ਵਿਚ ਪਾਕੇ ਸੀਲ ਕੀਤਾ ਜਾਂਦਾ ਹੈ। ਸੀਲ ਕਰਦੇ ਸਮੇਂ ਲਿਫਾਫੇ ਵਿੱਚ ਹਵਾ ਨਹੀਂ ਰਹਿਣੀ ਚਾਹੀਦੀ। ਪਨੀਰ ਪੰਜ ਤੋਂ ਦਸ ਡਿਗਰੀ ਤਾਪਮਾਨ ਉੱਪਰ ਸਟੋਰ ਕੀਤਾ ਜਾ ਸਕਦਾ ਹੈ।

**ਪਨੀਰ ਬਣਾਉਂਦੇ ਸਮੇਂ ਧਿਆਨ ਰੱਖਣ ਯੋਗ ਗੱਲਾਂ** : ★ ਦੁੱਧ ਤਾਜ਼ਾ ਅਤੇ ਉੱਤਮ ਕੁਆਲਿਟੀ ਦਾ ਹੋਣਾ ਚਾਹੀਦਾ ਹੈ।

★ ਦੁੱਧ ਨੂੰ ਪਾੜਨ ਲਈ ਵਰਤਿਆ ਜਾਣ ਵਾਲਾ ਸਿਟਰਿਕ ਜਾਂ ਲੈਕਟਿਕ ਐਸਿਡ ਫੂਡ ਗਰੇਡ ਦੇ ਹੋਣੇ ਚਾਹੀਦੇ ਹਨ।

★ ਪਨੀਰ ਵਿੱਚ ਜ਼ਿਆਦਾ ਨਮੀਂ ਹੋਣ ਨਾਲ ਉੱਲੀ ਲੱਗ ਸਕਦੀ ਹੈ। ਇਸ ਲਈ ਪਨੀਰ ਨੂੰ ਨਿਰਧਾਰਤ ਸਮੇਂ ਤੱਕ ਪ੍ਰੈਸ ਕਰਨਾ ਅਤੇ ਪੈਕਿੰਗ ਤੋਂ ਪਹਿਲਾਂ ਮਲਮਲ ਦੇ ਕੱਪੜੇ ਨਾਲ ਸੁਕਾਉਣਾ ਬਹੁਤ ਜ਼ਰੂਰੀ ਹੈ।

★ ਘੱਟ ਫੈਟ ਵਾਲੇ ਦੁੱਧ ਤੋਂ ਬਣਾਇਆ ਪਨੀਰੀ ਸਖਤ ਹੋਵੇਗਾ ਅਤੇ ਇਹ ਮੁਲਾਇਮ ਨਹੀਂ ਹੋਵੇਗਾ।

★ ਜ਼ਿਆਦਾ ਨਮੀਂ ਵਾਲਾ ਪਨੀਰ ਅਤੇ ਸਟੋਰ ਕਰਨ ਵੇਲੇ ਜ਼ਿਆਦਾ ਨਮੀਂ ਵਾਲੀ ਜਗ੍ਹਾ ਉੱਪਰ ਰੱਖਿਆ ਗਿਆ ਪਨੀਰ ਜਲਦੀ ਖਰਾਬ ਹੋ ਜਾਵੇਗਾ।

★ ਦੁੱਧ ਦੱਸੇ ਹੋਏ ਤਾਪਮਾਨ (70 ਡਿਗਰੀ ਸੈਂਟੀਗ੍ਰੇਡ) ਤੇ ਹੀ ਪਾੜਨਾ ਚਾਹੀਦਾ ਹੈ। ਇਸ ਤੋਂ ਵੱਧ ਤਾਪਮਾਨ ਤੇ ਪਾੜਿਆ ਗਿਆ ਪਨੀਰ ਖੁਰਦਰਾ ਹੋ ਜਾਵੇਗਾ।

★ ਮਾਰਕੀਟ ਦੇ ਵਿੱਚ ਨਿਰੋਲ ਦੁੱਧ ਦਾ ਪਨੀਰ ਕਾਫੀ ਪ੍ਰਚੱਲਤ ਹੈ। ਪਰੰਤੂ ਜੇ ਪਨੀਰ ਵਿੱਚ ਲੋੜ ਮੁਤਾਬਕ, ਜ਼ੀਰਾ, ਨਮਕ, ਮਸਾਲਾ, ਕਾਲੀ ਮਿਰਚ, ਪੁਦੀਨਾ ਆਦਿ ਪਾ ਕੇ ਵੱਖ ਵੱਖ ਤਰ੍ਹਾਂ ਦੇ ਪੈਕਿੰਗ ਤਿਆਰ ਕਰਕੇ ਵੇਚੇ ਤਾਂ ਹੋਰ ਵਧੇਰੇ ਮੁਨਾਫਾ ਲਿਆ ਜਾ ਸਕਦਾ ਹੈ।

**ਪਨੀਰ ਪਾਣੀ ਬੈਵਰੇਜ/ਵ੍ਹੇਅ** : ਪਨੀਰ ਤਿਆਰ ਕਰਨ ਤੋਂ ਬਾਅਦ ਜੋ ਪਾਣੀ ਬੱਚਦਾ ਹੈ ਉਸ ਨੂੰ ਵ੍ਹੇਅ ਕਹਿੰਦੇ ਹਨ। ਆਮ ਤੌਰ ਤੇ ਘਰਾਂ ਵਿੱਚ ਇਸ ਨੂੰ ਡੋਲ ਦਿੱਤਾ ਜਾਂਦਾ ਹੈ। ਪਰੰਤੂ ਇਸ ਦੇ ਵਿੱਚ ਲੈਕਟੋਜ਼/ਵਿਟਾਮਿਨ ਬੀ ਅਤੇ ਪ੍ਰੋਟੀਨ ਹੁੰਦੇ ਹਨ। ਇਸ ਪਾਣੀ ਨੂੰ ਆਟਾ ਗੁੰਨ੍ਹਣ, ਕੜੀ ਜਾਂ ਪਕੌੜੇ ਬਣਾਉਣ ਤੋਂ ਇਲਾਵਾ ਪੂੜੇ ਬਣਾਉਣ ਨਹੀ ਵਰਤਿਆ ਜਾ ਸਕਦਾ ਹੈ। ਜੇ ਇਹ ਵ੍ਹੇਅ ਜ਼ਿਆਦਾ ਹੋਵੇ ਤਾਂ ਛੋਟੇ ਕਟੜੂਆਂ/ਵਛੜੂਆਂ ਨੂੰ ਪਿਲਾਇਆ ਜਾ ਸਕਦਾ ਹੈ।

ਤਿੰਨ ਹਿੱਸੇ ਵ੍ਹੇਅ ਵਿੱਚ ਇਕ ਹਿੱਸਾ ਗਾਜਰ ਦਾ ਜੂਸ/ਪਾਈਨਐਪਲ ਦਾ ਜੂਸ ਜਾਂ ਹੋਰ ਕਿਸੇ ਵੀ ਫਲ ਦਾ ਜੂਸ ਪਾ ਕੇ 6.50 ਪ੍ਰਤੀਸ਼ਤ ਦੇ ਹਿਸਾਬ ਨਾਲ ਖੰਡ ਤੇ 0.5 ਪ੍ਰਤੀਸ਼ਤ ਸਾਦਾ ਨਮਕ ਇਸ ਵਿੱਚ ਮਿਲਾਕੇ ਘੋਲ (ਬੈਵਰੇਜ) ਤਿਆਰ ਕਰ ਲਵੋ। ਇਸ ਤਿਆਰ ਹੋਏ ਘੋਲ ਨੂੰ ਮਲਮਲ ਦੇ ਕਪੜੇ ਨਾਲ ਪੁਣ ਕੇ 200 ਮਿਲੀਲਿਟਰ ਦੀਆਂ ਬੋਤਲਾਂ ਵਿੱਚ ਭਰਕੇ ਢੱਕਣ ਲਾਉਣ ਵਾਲੀ ਮਸ਼ੀਨ ਨਾਲ ਚੰਗੀ ਤਰ੍ਹਾਂ ਢੱਕਣ ਲਾ ਦਿਓ। ਇਨ੍ਹਾਂ ਬੋਤਲਾਂ ਨੂੰ 64 ਡਿਗਰੀ ਸੈਂਟੀਗ੍ਰੇਡ ਉੱਤੇ ਅੱਧੇ ਘੰਟੇ ਲਈ ਗਰਮ ਪਾਣੀ ਦੇ ਟੱਬ ਵਿੱਚ ਰੱਖਕੇ ਪਾਸਚੁਰਾਈਜ਼ ਕਰੋ। ਉਪਰੰਤ ਇਸ ਨੂੰ ਫਰਿਜ਼ ਵਿੱਚ ਠੰਡਾ ਰੱਖਕੇ ਪੀਣ ਲਈ ਵਰਤਿਆ ਜਾ ਸਕਦਾ ਹੈ। ਇਹ ਬਾਜ਼ਾਰ ਵਿਚ ਮਿਲਣ ਵਾਲੇ ਕਿਸੇ ਵੀ ਸੋਢੇ ਜਾਂ ਡਰਿੰਕ ਨਾਲੋਂ ਉੱਤਮ ਕੁਆਲਿਟੀ ਦਾ ਸਸਤਾ ਬੈਵਰੇਜ ਹੋਵੇਗਾ। ਇਸ ਤਰ੍ਹਾਂ ਅਸੀਂ ਇਸ ਨੂੰ ਪਿੰਡ ਪੱਧਰ ਉੱਤੇ ਜਾਂ ਦੁਕਾਨਾਂ ਤੇ ਵੇਚਕੇ ਮੁਨਾਫਾ ਵੀ ਕਮਾ ਸਕਦੇ ਹਾਂ।

**ਦਹੀਂ ਬਣਾਉਣਾ** : ਦਹੀਂ ਉਹ ਪਦਾਰਥ ਹੈ ਜੋ ਉਬਲੇ ਹੋਏ ਦੁੱਧ ਨੂੰ ਲੋੜੀਂਦੇ ਤਾਪਮਾਨ ਤੱਕ ਠੰਡਾ ਕਰਕੇ ਲੈਕਟਿਕ ਐਸਿਡ ਜਾਂ ਕਿਸੇ ਹੋਰ ਹਾਨੀ ਰਹਿਤ ਬੈਕਟੀਰੀਅਲ ਜਾਗਾਂ ਨਾਲ ਨਿਰਧਾਰਿਤ ਤੇਜ਼ਾਬੀਪਣ ਤੱਕ ਖੱਟਾ ਕਰਕੇ ਬਣਾਇਆ ਜਾਂਦਾ ਹੈ। ਭਾਰਤ ਦਾ 40 ਪ੍ਰਤੀਸ਼ਤ ਦੁੱਧ, ਦਹੀਂ ਵਿੱਚ ਤਬਦੀਲ ਹੋ

ਬਾਕੀ ਸਫਾ 12 'ਤੇ



## ਵਰਖਾ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ

# ਪਸ਼ੂਆਂ ਦੀ ਸਾਂਭ-ਸੰਭਾਲ ਲਈ ਨੁਕਤੇ

**ਵਿਵੇਕ ਸ਼ਰਮਾ ਅਤੇ ਅਰਪਣਾ ਗੁਪਤਾ, ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ (ਮੋਬਾਇਲ : 83607-10463)**

ਲਗਾਤਾਰ ਬਾਰਿਸ਼ਾਂ ਹੋਣ ਕਾਰਨ ਜਿੱਥੇ ਬਹੁਤ ਸਾਰੀਆਂ ਫ਼ਸਲਾਂ ਦਾ ਨੁਕਸਾਨ ਹੁੰਦਾ ਹੈ ਉੱਥੇ ਪਸ਼ੂ ਪਾਲਕਾਂ ਨੂੰ ਵੀ ਬਹੁਤ ਸਾਰੀਆਂ ਸਮੱਸਿਆਵਾਂ ਆਉਂਦੀਆਂ ਹਨ। ਵਧੇਰੇ ਬਾਰਿਸ਼ ਅਤੇ ਹੜ੍ਹ ਵਾਲੇ ਹਲਾਤਾਂ ਵਿੱਚ ਵਧੇਰੇ ਨਮੀ ਅਤੇ ਖੜ੍ਹੇ ਪਾਣੀ ਕਾਰਨ ਬਿਮਾਰੀ ਫ਼ੈਲਾਉਣ ਵਾਲੇ ਬੈਕਟੀਰੀਆ ਪੈਦਾ ਹੋ ਜਾਂਦੇ ਹਨ ਜਿਸ ਨਾਲ ਬਿਮਾਰੀਆਂ ਫ਼ੈਲਣ ਦਾ ਖ਼ਤਰਾ ਬਹੁਤ ਵੱਧ ਜਾਂਦਾ ਹੈ। ਇਸ ਦੇ ਨਾਲ-ਨਾਲ ਹਰੇ ਚਾਰੇ ਦਾ ਨੁਕਸਾਨ ਹੋਣ ਕਰਕੇ, ਪਸ਼ੂਆਂ ਦੀ ਖ਼ੁਰਾਕੀ ਲੋੜਾਂ ਪੂਰੀਆਂ ਕਰਨ ਸੰਬੰਧੀ ਵੀ ਮੁਸ਼ਕਿਲਾਂ ਆ ਜਾਂਦੀਆਂ ਹਨ, ਜਿਸ ਨਾਲ ਪਸ਼ੂਆਂ ਦੀ ਰੋਗਾਂ ਨਾਲ ਲੜਨ ਦੀ ਤਾਕਤ ਹੋਰ ਵੀ ਘਟ ਜਾਂਦੀ ਹੈ। ਅਜਿਹੀਆਂ ਹਾਲਤਾਂ ਵਿੱਚ ਪਸ਼ੂ ਪਾਲਕਾਂ ਨੂੰ ਹੇਠ ਲਿਖੇ ਨੁਕਤੇ ਅਪਣਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

1. **ਗਲ ਘੋਟੂ** : ਵਧੇਰੇ ਨਮੀਂ ਅਤੇ ਖੜ੍ਹੇ ਪਾਣੀ ਕਰਕੇ ਮੁੱਖ ਤੌਰ ਤੇ ਗਲ ਘੋਟੂ ਦੀ ਬਿਮਾਰੀ ਫੈਲਣ ਦਾ ਖ਼ਤਰਾ ਸਭ ਤੋਂ ਵੱਧ ਹੁੰਦਾ ਹੈ। ਇਹਨਾਂ ਤੋਂ ਬਚਾਅ ਲਈ ਡਾਕਟਰ ਦੀ ਸਲਾਹ ਨਾਲ ਨਾਲ ਟੀਕਾਕਰਨ ਕਰਵਾਓ ਤਾਂ ਜੋ ਪਸ਼ੂਆਂ ਵਿੱਚ ਇਸ ਬਿਮਾਰੀ ਵਿਰੁੱਧ ਰੋਗ ਵਿਰੋਧੀ ਤਾਕਤ ਪੈਦਾ ਹੋ ਸਕੇ। ਰੋਗ ਵਿਰੋਧਕ ਸ਼ਕਤੀ ਵਧਾਉਣ ਲਈ ਵਿਟਾਮਿਨਾਂ ਅਤੇ ਸਿਫ਼ਾਰਸ਼ ਅਨੁਸਾਰ ਧਾਤਾਂ ਦੇ ਚੂਰੇ ਦੀ ਨਿਯਮਿਤ ਵਰਤੋਂ ਕਰਨਾ ਲਾਜ਼ਮੀ ਹੈ।



2. **ਅੰਤੜੀਆਂ ਦੇ ਪਰਜੀਵੀ** : ਇਸ ਸਮੇਂ ਪਸ਼ੂ ਦੂਸ਼ਿਤ ਪਾਣੀ ਪੀਣ ਲਈ ਮਜ਼ਬੂਰ ਹੁੰਦੇ ਹਨ, ਜਿਸ ਨਾਲ ਬੈਕਟੀਰੀਆ ਅਤੇ ਮਲ੍ਹੱਪਾਂ (ਅੰਤੜੀਆਂ ਦੇ ਪਰਜੀਵੀਆਂ) ਦਾ ਖ਼ਤਰਾ ਵੱਧ ਜਾਂਦਾ ਹੈ। ਛੋਟੇ ਬੱਚਿਆਂ ਨੂੰ ਉਬਾਲ ਕੇ ਠੰਡਾ ਕੀਤਾ ਹੋਇਆ ਪਾਣੀ ਦਿਓ। ਮਾਹਿਰ ਡਾਕਟਰਾਂ ਦੀ ਸਲਾਹ ਨਾਲ ਪਸ਼ੂ ਦੇ ਭਾਰ, ਗਰਭ ਕਿਰਮਾਂ ਦੀ ਕਿਸਮ ਦੇ ਅਨੁਸਾਰ ਕਿਰਮ ਰਹਿਤ ਕਰਨ ਦੀ ਦਵਾਈ ਕਰੋ।

3. **ਛਾਰੇ ਨੂੰ ਉੱਲੀ ਲੱਗਣ ਦਾ ਖ਼ਤਰਾ** : ਹੜ੍ਹਾਂ ਵਾਲੇ ਇਲਾਕਿਆਂ ਵਿੱਚ ਤੂੜੀ, ਚਾਰੇ ਵਿੱਚ ਨਮੀ/ਪਾਣੀ ਖੜ੍ਹਣ ਕਰਕੇ ਉੱਲੀ ਲੱਗਣ ਦਾ ਖ਼ਤਰਾ ਵੱਧ ਜਾਂਦਾ ਹੈ ਜਿਸਦੀ ਵਰਤੋਂ ਕਰਨ ਨਾਲ ਪਸ਼ੂਆਂ ਦੇ ਲਿਵਰ ਅਤੇ ਜਨਣ ਕਿਰਿਆਵਾਂ (ਹੇਹਾ, ਆਸ ਲੱਗਣਾ ਆਦਿ) ਤੇ ਬਹੁਤ ਮਾੜਾ ਅਸਰ ਪੈਂਦਾ ਹੈ। ਸੜੀ ਗਲੀ ਤੂੜੀ ਜਾਂ ਵੰਡ ਪਸ਼ੂਆਂ ਨੂੰ ਪਾਉਣ ਤੋਂ ਗੁਰੇਜ਼ ਕਰੋ। ਥੁੜ੍ਹ ਦੀ ਹਾਲਤ ਵਿੱਚ ਇੱਕ ਕੁਇੰਟਲ ਪਰਾਲੀ ਨੂੰ 30 ਲੀਟਰ ਪਾਣੀ, 3 ਕਿੱਲੋ ਸੀਰਾ ਅਤੇ ਇੱਕ ਕਿੱਲੋ ਯੂਰੀਆ ਦਾ ਘੋਲ ਬਣਾ ਕੇ ਸੋਧ ਕੇ ਖੁਆਓ।

4. **ਮੱਖੀ-ਮੱਛਰਾਂ ਅਤੇ ਚਿੱਚੜਾਂ ਤੋਂ ਬਚਾਅ** : ਇਹਨਾਂ ਹਲਾਤਾਂ ਵਿੱਚ ਮੱਖੀਆਂ, ਮੱਛਰਾਂ ਅਤੇ ਚਿੱਚੜਾਂ ਦੀ ਗਿਣਤੀ ਬਹੁਤ ਵੱਧ ਜਾਂਦੀ ਹੈ ਜੋ ਕਿ ਕਈ ਰੋਗਾਂ ਨੂੰ ਫੈਲਾਉਣ ਦਾ ਜ਼ਰੀਆ ਬਣਦੇ ਹਨ। ਚਿੱਚੜਾਂ ਦੀ ਰੋਕਥਾਮ ਲਈ ਵੈਟਨਰੀ ਡਾਕਟਰ ਦੀ ਸਲਾਹ ਨਾਲ ਉਪਯੁਕਤ ਕੀਟਨਾਸ਼ਕਾਂ ਦੀ ਵਰਤੋਂ ਕਰੋ। ਪਸ਼ੂ ਸ਼ੈੱਡਾਂ ਦੇ ਆਲੇ-ਦੁਆਲੇ ਪਾਣੀ ਖੜ੍ਹਣ ਦੀ ਸੂਰਤ ਵਿੱਚ ਮੱਖੀਆਂ ਅਤੇ ਮੱਛਰਾਂ ਦੇ ਵਾਧੇ ਨੂੰ ਰੋਕਣ ਲਈ ਲੋੜੀਂਦੇ ਇੰਤਜਾਮ ਕੀਤੇ ਜਾਣ।

5. **ਖੁਰਾਂ ਦਾ ਰੋਗ** : ਲੰਬਾ ਸਮਾਂ ਪਾਣੀ/ਸਿਲ੍ਹੇ ਵਿੱਚ ਖੜ੍ਹੇ ਰਹਿਣ ਨਾਲ ਪਸ਼ੂਆਂ ਦੇ ਖੁਰਾਂ ਦੇ ਰੋਗਾਂ ਵਿੱਚ ਵਾਧਾ ਹੋ ਸਕਦਾ ਹੈ। ਜਿੰਨਾ ਹੋ ਸਕੇ ਪਸ਼ੂ ਨੂੰ ਸੁੱਕੇ ਅਤੇ ਉੱਚੇ ਥਾਂ ਤੇ ਰੱਖਣ ਦੀ ਵਿਵਸਥਾ ਕਰੋ। ਖੁਰਾਂ ਦੇ ਰੋਗਾਂ ਤੋਂ ਬਚਾਉਣ ਲਈ 5 ਪ੍ਰਤੀਸ਼ਤ ਫ਼ਾਰਮਾਲਿਨ ਵਿੱਚ ਖੁਰ ਡੁਬੋਣੇ ਚਾਹੀਦੇ ਹਨ। ਜ਼ਖਮਾਂ ਨੂੰ ਪੋਟਾਸ਼ੀਅਮ ਪਰਮੈਂਗਨੇਟ ਦੇ ਘੋਲ ਨਾਲ ਧੋ ਕੇ ਬੀਟਾਡੀਨ ਲਾਓ। ਜ਼ਖਮਾਂ ਦਾ ਮੱਖੀਆਂ ਤੋਂ ਬਚਾਅ ਕਰਨ ਲਈ ਹਾਈਮੈਕਸ ਜਾਂ ਲੌਰੇਕਜ਼ੀਨ ਕਰੀਮ ਵਰਤੀ ਜਾ ਸਕਦੀ ਹੈ।

6. **ਥਨੈਲਾ ਰੋਗ** : ਖੜ੍ਹੇ ਪਾਣੀ ਵਿੱਚ ਬੈਠਣ ਨਾਲ ਪਸ਼ੂਆਂ ਵਿੱਚ ਥਨੈਲਾ ਰੋਗ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਪਸ਼ੂਆਂ ਦੇ ਥਣਾਂ ਨੂੰ ਸਾਫ਼ ਰੱਖੋ ਅਤੇ ਇਹਨਾਂ ਲਈ ਚੁਆਈ ਤੋਂ ਬਾਅਦ ਥਣਾਂ ਨੂੰ ਬੀਟਾਡੀਨ ਅਤੇ ਗਲਿਸਰੀਨ (3:1) ਦੇ ਘੋਲ ਵਿੱਚ ਡੋਬਾ ਦਿੱਤਾ ਜਾਣਾ ਚਾਹੀਦਾ ਹੈ।

ਮਿੰਨੀ ਕਹਾਣੀ

# ਸਕੂਲੀ ਇਲੈਕਟ੍ਰਿਕ ਘੰਟੀ ਤੇ ਬੱਚੇ ਦੀ ਬੋਤਲਾਂ ਤੱਕ ਬਦਲਦੇ ਦੌਰ

ਦੋਸਤੋ ਕੋਈ ਸਮਾਂ ਹੁੰਦਾ ਸੀ ਜਦੋਂ ਗੁੱਟ ਤੇ ਘੜੀ ਬੰਨ੍ਹੀਂ ਹੋਵੇ ਜਾਂ ਨਾ ਬੰਨ੍ਹੀਂ ਹੋਵੇ ਉਦੋਂ ਕੇਵਲ ਸਕੂਲ ਦੇ ਗੇਟ ਤੇ ਬੈਠੇ ਚਪੜਾਸੀ ਦੁਆਰਾ ਮਾਰੀ ਜਾਂਦੀ ਲੋਹੇ ਦੇ ਸਰੀਏ ਵਾਲੇ ਡੰਡੇ ਨਾਲ ਕੰਧ ਤੇ ਲੋਹੇ ਦੀ ਤਾਰ ਨਾਲ ਲੰਮਕਾਏ ਲੋਹੇ ਦੇ ਜੰਗਾਲੇ ਗਾਡਰ ਵਾਲੇ ਛੋਟੇ ਪੀਸ ਨੂੰ ਖੜਕਾ ਕੇ ਪਤਾ ਲੱਗਣਾਂ ਕਿ ਸਮਾਂ ਏਨਾਂ ਹੋ ਗਿਆ ਤੇ ਹੁਣ ਪਹਿਲਾ ਪੀਰੀਅਡ ਲੱਗ ਗਿਆ। ਜੇਕਰ ਇਹੋ ਟੱਲ ਖੜਕਣ ਦੀ ਆਵਾਜ਼ ਤਿੰਨ ਚਾਰ ਵਾਰ ਲਗਾਤਾਰ ਆਉਂਣੀ ਤਾਂ ਪਤਾ ਲੱਗ ਜਾਂਦਾ ਸੀ ਏਨੇ ਕੁ ਵੱਜ ਗਏ ਹਨ ਏਨਾ ਪੀਰੀਅਡ ਚੱਲ ਰਿਹਾ ਤੇ ਹੁਣ ਸਕੂਲ ਲੱਗ ਗਿਆ ਹੈ। ਟੱਲ ਵੱਲ ਧਿਆਨ ਜ਼ਿਆਦਾ ਹੁੰਦਾ ਸੀ ਕਿ ਕਿੰਨੀਂ ਵਾਰ ਵੱਜਣਾ ਏਂ ਪ੍ਰਤੀਕ ਵੀ ਸੀ ਹੁਣ ਕਿੰਨਵਾਂ ਪੀਰੀਅਡ ਚੱਲ ਰਿਹਾ ਹੈ। ਕਈ ਵਾਰ ਇਹੋ ਲੋਹੇ ਦਾ ਗਾਡਰ ਵਾਲਾ ਟੱਲ ਛੁੱਟੀ ਤੋਂ ਪੰਦਰਾਂ ਵੀਹ ਮਿੰਟ ਪਹਿਲਾਂ ਕਿਸੇ ਬੱਚੇ ਨੇ ਚਲਾਕੀ ਨਾਲ ਵੀ ਮਾਰ ਦੇਣਾ ਤਾਂ ਸਭ ਕਾਹਲੀ ਨਾਲ ਆਪੋਂ ਆਪਣੇ ਝੋਲੇ ਬਸਤੇ ਫੜਕੇ ਮਾਸਟਰ ਦੇ ਕਲਾਸ ਵਿੱਚੋਂ ਬਾਹਰ ਆਉਣ ਤੋਂ ਪਹਿਲਾਂ ਹੀ ਨਿਕਲ ਜਾਣਾ ਜਿਵੇਂ ਜੇਲ੍ਹ ਵਿੱਚੋਂ ਸਜ਼ਾ ਮੁੱਕੀ ਹੋਵੇ। ਇਸ ਸ਼ਰਾਰਤ ਤੇ ਮਾਸਟਰ ਏਥੋਂ ਤੱਕ ਕਹਿੰਦੇ ਸੁਣਨੇ ਕਿ ਪਤਾ ਕਰੋ ਕੌਣ ਵਜ਼ਾ ਗਿਆ ਸਮੇਂ ਤੋਂ ਪਹਿਲਾਂ ਟੱਲ। ਖ਼ੈਰ ਉਸ ਸਮੇਂ ਜਿਥੇ ਬੱਚੇ ਸ਼ਰਾਰਤੀ ਸਨ ਉਥੇ ਦਲੇਰ ਸੁਭਾਅ ਦੇ ਤੇ ਬੇਹੱਦ ਲਾਇਕ ਬਿਰਤੀ ਦੇ ਸਨ।

ਖ਼ੈਰ ਜਿਥੇ ਸਮੇਂ ਦੇ ਨਾਲ ਵੱਜਣ ਵਾਲੇ ਲੋਹੇ ਦੇ ਟੱਲ ਤੋਂ ਬਦਲ ਕੇ ਬਿਜਲੀ ਵਾਲੀ ਇਲੈਕਟ੍ਰਾਨਿਕ ਘੰਟੀ/ਬੈੱਲ ਆ ਗਈ ਹੈ, ਜਿਸ ਤਰ੍ਹਾਂ ਸਾਡੇ ਘਰਾਂ ਵਿੱਚ ਲੱਗੀਆਂ ਹਨ। ਬੱਸ ਏਥੇ ਸਾਇਜ ਵੱਡਾ ਕੀਤਾ ਗਿਆ ਹੈ ਜਿਵੇਂ ਫੋਟੋ ਵਿੱਚ ਦਿਖਾਇਆ ਹੈ। ਜਿਥੇ ਮੋਡਰਨ ਯੁੱਗ ਵਿੱਚ ਪੁਰਾਣਾ ਗਾਡਰ ਵਾਲਾ ਟੱਲ ਖਤਮ ਹੋਇਆ, ਉਥੇ ਉਸ ਸਮੇਂ ਦੇ ਪੀਅਨ ਦੀ ਵਰਦੀ ਵੀ ਖ਼ਾਕੀ ਰੰਗ ਦੀ ਹੁੰਦੀ ਸੀ ਜੋ ਅੱਜ ਉਹ ਵੀ ਤਕਰੀਬਨ ਖ਼ਤਮ ਹੋ ਗਈ ਜਾਂ ਪਾਉਣੀ ਬੁਰੀ ਸਮਝੀ ਜਾਂਦੀ ਹੈ।

ਦੋਸਤੋ ਉਹ ਪੀਅਨ ਖ਼ਾਕੀ ਵਰਦੀ ਵਾਲੇ ਨਾਲ ਸਵੇਰੇ ਗੇਟ ਦੇ ਅੰਦਰ ਸਕੂਲ ਤੋਂ ਵੜਦਿਆਂ ਹੀ ਮਾਖੌਲੀ ਰੂਪ ਵਿੱਚ ਅੰਕਲ ਜੀ ਕਹਿ ਕੇ ਹੈਲੋ ਹਾਏ ਸੱਤ ਸ੍ਰੀ ਆਕਾਲ ਨਾਲ ਸਕੂਲ ਦੇ ਦਿਨ ਦੀ ਸ਼ੁਰੂਆਤ ਹੁੰਦੀ ਸੀ। ਬੇਸ਼ੱਕ ਇਹ ਅਹੁਦਾ ਪੜ੍ਹਾਉਣ ਵਾਲਾ ਨਹੀਂ ਸੀ ਪਰ ਵਧੇਰੇ ਪਿਆਰ ਤੇ ਤੱਫਰੀ ਖੇਡ ਵਿਅੰਗ ਤੇ ਯਰਾਨਿਆਂ ਵਾਲਾ ਜ਼ਰੂਰ ਸੀ ਕਿਉਂਕਿ ਉਹ ਅੰਕਲ ਸਾਨੂੰ ਬੱਚੇ ਸਮਝ ਕੇ ਗੁੱਸਾ ਜਾਂ ਮਾੜਾ ਕਹਿੰਦੇ ਨਹੀਂ ਸਨ ਤੇ ਆਪਾਂ ਉਹਨਾਂ ਨੂੰ ਆਪਣਾ ਸਕੂਲ ਵਿੱਚ ਯਾਰ ਕਹਿੰਦੇ ਸਾਂ, ਭਾਵੇਂ ਉਹ ਸਾਡੇ ਪਿਉ ਦੀ ਉਮਰ ਦੇ ਹੀ ਸਨ।

ਦੋਸਤੋ ਜਿਥੇ ਸਕੂਲਾਂ ਦੀਆਂ ਘੰਟੀਆਂ ਤੇ ਦੋਸਤਾਨਾ ਸੁਭਾਆਂ ਤੇ ਤਫਰੀ ਵਾਲੇ ਪਲਾਂ ਵਿੱਚ ਤਬਦੀਲੀ ਆਈ, ਉਥੇ ਏਸੇ ਸਮੇਂ ਵਿੱਚ ਬੱਚਿਆਂ ਦੇ ਦੌੜ ਭੱਜ ਦੇ ਤੌਰ ਤਰੀਕਿਆਂ ਵਿੱਚ ਵੀ ਤਬਦੀਲੀ ਆਈ। ਜਿਥੇ ਜੇਕਰ ਨੁਕਸਾਨ ਦੀ ਗੱਲ ਕਰੀਏ ਤਾਂ ਮਾਨਸਿਕ ਤੇ ਸਰੀਰਕ ਵਿਕਾਸ ਵਿੱਚ ਕਮੀ ਆਉਂਣੀ ਸੁਭਾਵਿਕ ਹੈ ਜਿਵੇਂ ਪਹਿਲਾਂ ਦੋ ਚਾਰ ਵਿਦਿਆਰਥੀਆਂ ਦੇ ਟੋਲਿਆਂ ਨੇ ਇਕੱਠੇ ਜਮਾਤ ਵਿੱਚੋਂ ਬਾਹਰ ਜਾਣ ਲਈ ਪਾਣੀ ਪੀਣ ਦੇ ਬਹਾਨੇ ਬਾਹਰ ਦੌੜਦੇ ਸਕੀਮਾਂ ਲਗਾਉਂਦੇ ਜਾਣਾ ਕਿ ਆਪਾਂ ਇਕੱਠੇ ਨਿਕਲ ਆਏ ਤੇ ਅਗਾਂਹ ਤੋਂ ਵੀ ਕਿੱਦਾ ਇਕੱਠੇ ਕਲਾਸ ਵਿੱਚੋਂ ਨਿਕਲਣਾ, ਅੱਖਾਂ ਦੇ ਇਸ਼ਾਰਿਆਂ ਨਾਲ ਸਭ ਸਕੀਮਾਂ ਬਣਨੀਆਂ ਤੇ ਲੱਗਣੀਆਂ। ਉਥੇ ਸਕੀਮਾਂ 'ਤੇ ਜੁਗਤਾਂ ਨਾਲ ਭੱਜ ਦੌੜ ਕਰਨ ਕਰਕੇ ਮਾਨਸਿਕ ਤੇ ਸਰੀਰਕ ਵਿਕਾਸ ਹੁੰਦਾ ਸੀ, ਜੋ ਅੱਜ ਪਾਣੀ ਦੀ ਬੋਤਲ ਨਾਲ ਲਿਆਉਣ ਨਾਲ ਜੁਗਤਾਂ ਵੀ ਖ਼ਤਮ ਤੇ ਨਲਕੇ ਟੂਟੀਆਂ ਵੱਲ ਦੌੜਦੇ ਜਾਣਾਂ ਲੱਤਾਂ ਪੱਟਾਂ, ਤੇ ਰੋਟੀ ਪਾਣੀ ਪਚਾਉਣ ਦੀਆਂ ਕਸਰਤਾਂ ਵੀ ਤਕਰੀਬਨ ਖ਼ਤਮ ਨੇਂ।



**ਕਮਲਇੰਦਰਜੀਤ ਬਾਜਵਾ**
**ਸਬ ਇੰਸਪੈਕਟਰ ਭੂਮੀ ਤੇ ਜਲ ਸੰਭਾਲ ਵਿਭਾਗ, ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ (ਮੋ. 98150-82401)**

ਹਾਂ ਜਿਥੇ ਸਮਾਂ ਜ਼ਰੂਰ ਬਚਿਆ ਪਰ ਨੁਕਸਾਨ ਦੇ ਨਾਲ ਆਪਸੀ ਸਾਂਝ ਵੀ ਘਟੀ ਕਿਉਕਿ ਘਰ ਤੱਕ ਸਾਈਕਲ ਜਾਂ ਤੁਰ ਕੇ ਜਾਂਦਿਆਂ ਏਹੀ ਗੱਲਾਂ ਹੁੰਦੀਆਂ ਸਨ ਪੜ੍ਹਾਈ ਦੀ ਨਹੀਂ। ਹੁਣ ਤਾਂ ਏਸੀ ਵਾਲੇ ਆਟੋ ਆ ਗਏ ਜਿਥੇ ਸਾਇਕਲਾਂ ਵਾਲੇ ਪਸੀਨੇ ਹੀ ਸੁੱਕੇ ਹਨ।

ਦੋਸਤੋ ਏਥੇ ਇੱਕ ਖੇਡ ਇਹ ਵੀ ਚੱਲਦੀ ਸੀ ਕਿ ਕਈ ਵਾਰ ਤਾਂ ਨਲਕੇ ਤੇ ਪਾਣੀ ਪੀਣ ਲਈ ਲੱਗੀ ਭੀੜ ਦੇਖ ਕੇ ਸ਼ਰਾਰਤ ਵੀ ਜ਼ਰੂਰ ਆਉਂਦੀ। ਉਥੇ ਖੁਰੇ ਤੇ ਕੀ ਕਰਦੇ ਕਿ ਵਾਰੀਂ ਆਉਣ ਤੇ ਨਲਕੇ ਦੀ ਪਾਇਪ ਤੇ ਹੱਥ ਨਾਲ ਘੁੱਟ ਕੇ ਪਾਣੀ ਰੋਕ ਲੈਣਾਂ ਤੇ ਜ਼ੋਰ-ਜ਼ੋਰ ਨਾਲ ਹੱਥੀਂ ਮਾਰ ਕੇ ਪਰੈਸ਼ਰ ਜ਼ਿਆਦਾ ਬਣਾ ਲੈਂਦੇ ਤੇ ਮੁੜ ਉਹ ਪਾਣੀ ਸਿਰ ਤੋਂ ਬੋਕੀ ਰਾਹੀਂ ਬਾਹਰ ਜ਼ਿਆਦਾ ਪਰੈਸ਼ਰ ਨਾਲ ਨਿਕਲ ਕੇ ਸਭਨਾਂ ਤੇ ਡਿਗਣਾ ਆਪ ਵੀ ਨੱਸੇ ਪੈ ਜਾਣਾ ਤੇ ਨਾਲ ਦੇ ਵੀ ਭੱਜ ਉਠਣੇ ਜਿਨ੍ਹਾਂ ਨੂੰ ਪਤਾ ਹੁੰਦਾ। ਜਿਹੜੇ ਪਿੱਛੇ ਹੁੰਦੇ ਅਗਲਿਆਂ ਦੇ ਭੱਜਣ ਨਾਲ ਪਿਛਲਿਆਂ ਦੀ ਪਾਣੀ ਪੀਣ ਦੀ ਵਾਰੀ ਜਲਦੀ ਆ ਜਾਂਦੀ ਸੀ। ਏਦਾਂ ਬਿਨਾਂ ਲੜਾਈ ਦੇ ਸ਼ਰਾਰਤ ਸਾਰੇ ਕਰਦੇ ਸਨ। ਕੱਪੜੇ ਭਿਉਣ ਦੀ ਹਾਂ ਸ਼ਿਕਾਇਤ ਲਗਾਉਣ ਦਾ ਮੈਡਮਾਂ ਭੈਣਜੀਆਂ ਨੂੰ ਚੱਲਦਾ ਸੀ ਤੇ ਉਹ ਵੀ ਝਿੜਕਾਂ ਨਾਲ ਛੱਡ ਦਿੰਦੀਆਂ ਸਨ।

ਦੋਸਤੋ ਜਿਥੇ ਆਪਾਂ ਗਾਡਰ ਵਾਲੇ ਟੱਲ ਤੋਂ ਇਲੈਕਟ੍ਰਾਨਿਕ ਘੰਟੀ/ਬੈੱਲ ਦੀ ਗੱਲ ਕੀਤੀ, ਨਲਕੇ ਟੂਟੀਆਂ ਤੋਂ ਅੱਗੇ ਚੱਲ ਕੇ ਬੈਗ ਵਿੱਚ ਘਰਾਂ ਤੋਂ ਭਰ ਕੇ ਲਿਆਂਦੀਆਂ ਪਲਾਸਟਿਕ ਬੋਤਲਾਂ ਦੀ ਵੀ ਗੱਲ ਕਰ ਲਈ। ਏਥੇ ਇੱਕ ਮਜ਼ੇਦਾਰ ਮਜ਼ਾਕ ਵਾਲੀ ਗੱਲ ਇਹ ਰਹਿ ਗਈ ਕਿ ਕਲਾਸ ਵਿੱਚ ਲੱਗੀ ਘੜੀ ਜ਼ਰੂਰ ਪੀਰੀਅਡ ਬਦਲਣ ਨਾਲ ਦੱਸ ਬਾਰਾਂ ਮਿੰਟ ਅੱਗੇ ਕਰ ਦਿੰਦੇ ਸੀ ਤੇ ਕਦੇ ਪਿੱਛੇ, ਕਿਉਕਿ ਇੱਕ ਦੋ ਬੱਚਿਆਂ ਨੂੰ ਛੱਡ ਕੇ ਬਹੁਤੇ ਘੜੀਆਂ ਵੀ ਨਹੀਂ ਬੰਨਦੇ ਸਨ ਤੇ ਏਥੋਂ ਤੱਕ ਕਿ ਕਈ ਅਧਿਆਪਕ ਵੀ ਉਸੇ ਘੜੀ ਦੇ ਟਾਇਮ ਦੇਖ ਜਲਦੀ ਮੁੜ ਜਾਣਾ ਤੇ ਮੁੜ ਇੱਕ ਦੂਜੇ ਨੂੰ ਚੁੱਪ ਰਹਿਣ ਲਈ ਕਹਿਣਾ ਤੇ ਸਭ ਰਲ ਮਿਲ ਵੀ ਇੱਕ ਦੂਜੇ ਨਾਲ ਪੱਕੇ ਤੌਰ ਤੇ ਖੜ੍ਹ ਜਾਂਦੇ ਸਨ, ਤੇ ਚੋਰੀ ਫੜੀ ਵੀ ਜ਼ਿਆਦਾਤਰ ਨਹੀਂ ਜਾਂਦੀ ਸੀ। ਉਥੇ ਅੱਜ ਦੇ ਸਮੇਂ ਵਿੱਚ ਹੁਣ ਛੱਤ ਦੀਆਂ ਘੜੀਆਂ ਖਤਮ ਹੋਣ ਨਾਲ ਇਕੱਲੇ-ਇਕੱਲੇ ਬੱਚੇ ਦੇ ਗੁੱਟ ਤੇ ਛੋਟੀ ਡਿਜੀਟਲ ਘੜੀ ਆ ਗਈਆਂ। ਉਥੇ ਮਾਸਟਰ ਵੀ ਆਪਣੇ ਮੋਬਾਈਲ ਤੋਂ ਟਾਈਮ ਦੇਖਣਾ ਜ਼ਿਆਦਾ ਪਸੰਦ ਕਰਨ ਲੱਗੇ। ਹੁਣ ਸ਼ਰਾਰਤ ਤੋਂ ਦੂਰ ਜਿਥੇ ਕਲਾਸ ਵਿੱਚ ਪੂਰਾ ਟਾਈਮ ਵੀ ਲੱਗਦਾ ਹੈ ਨਾਲ ਹੀ ਏਧਰ ਉਧਰ ਘੁੰਮ ਕੇ ਟਾਈਮ ਕੱਢਣ ਦਾ ਸਬੱਬ ਉਹ ਵੀ ਖ਼ਤਮ ਹੋਇਆ ਤੇ ਸ਼ੁਰੂ ਹੋਇਆ ਲੇਟ ਆਉਣ ਦਾ ਹਰਜਾਨਾ।

ਉਥੇ ਦੂਜੇ ਪਾਸੇ ਜੇਕਰ ਥੋੜਾ ਜਿਹਾ ਅਧਿਆਪਕ ਵਰਗ ਨੂੰ ਛੂਹਈਏ ਤਾਂ ਮੋਬਾਈਲ ਨਾ ਹੋਣ ਸਮੇਂ ਮਾਸਟਰ ਵੀ ਕਵਿਤਾ ਗਾਣੇ ਕਹਾਣੀ ਜਾਂ ਆਪੋ ਆਪਣੇ ਰੁਝਾਨ ਮੁਤਾਬਿਕ ਹਰੇਕ ਬੱਚੇ ਨੂੰ ਸੁਣਨ ਤੋਂ ਸੁਣਾਉਣ ਗਾਉਣ ਬੋਲਣ ਦਾ ਮੌਕਾ ਦਿੰਦੇ ਸਨ। ਜਿਸ ਨਾਲ ਮਾਸਟਰ ਤੇ ਬੱਚੇ ਨਾਲ ਦੋਸਤਾਨਾ ਸੁਭਾਆਂ ਦਾ ਮਿਲਾਪ ਤੇ ਇਕ ਦੂਜੇ ਨੂੰ ਸਮਝਣ ਦਾ ਉਪਰਾਲਾ ਸੀ। ਕਈ ਬੱਚੇ ਤਾਂ ਆਪਣਾ ਕੁਦਰਤੀ ਹੁਨਰ ਤੱਕ ਤਰਾਸ਼ ਜਾਂਦੇ ਸਨ। ਸੋ ਅੱਜ ਦੇ ਮੋਬਾਈਲ ਯੁੱਗ ਵਿੱਚ ਆਨਲਾਈਨ ਕਲਾਸਾਂ, ਬੱਚਿਆਂ ਦੇ ਸਲੇਬਸ ਗਰੁੱਪ ਦੇ ਮੈਸੇਜ ਜ਼ਿਆਦਾ ਕੰਮ ਨਾਲੋਂ ਫਜ਼ੂਲ ਬੋਝ ਤੇ ਬੱਚੇ ਨਾਲੋਂ ਬਸਤੇ ਦਾ ਵੱਧ ਭਾਰ ਅਤੇ ਸਕੂਲ ਵਿੱਚ ਪੈਂਦੀ ਝੱਟ ਪ੍ਰਿੰਸੀਪਲ ਨੂੰ ਡਾਕ ਵੱਟਸਐਪ ਨਾਲ ਤਾਂ ਵਧੇਰੇ ਅਧਿਆਪਕ ਤਾਂ ਡਾਕ ਦੇ ਜੁਆਬ ਦੇਣ ਵਿੱਚ ਸਮਾਂ ਲੰਘ ਜਾਂਦਾ ਅਤੇ ਕੁਝ ਡਾਕ ਵਿਚਲੀਆਂ ਆਈਆਂ ਐਕਟੀਵਿਟੀ ਕਰਾਉਣ ਵਿੱਚ। ਹਾਂ ਉਸ ਸਮੇਂ ਇੱਕ ਗੱਲ ਹੋਰ ਨਾਲ ਕੋੜੀ ਜੁੜਦੀ ਸੀ, ਉਹ ਸੀ ਬੈਂਤ ਦੇ ਡੰਡੇ ਨਾਲ ਹੁੰਦੀ ਸਕੂਲੀ ਪੜ੍ਹਾਈ। ਸੱਚੀਂ ਉਸ ਸਮੇਂ ਬਹੁਤਾ ਤਾਂ ਬੱਚਾ ਹੁਸ਼ਿਆਰ ਤੇ ਸਮੇਂ ਦਾ ਪਾਬੰਦ ਉਹ ਬੈਂਤ ਦਾ ਡੰਡਾ ਦੇਖ ਅਤੇ ਉਸ ਮਾਸਟਰ ਦੀ ਆਪਣੀ ਸਿਹਤ ਪਰਸਨੈਲਿਟੀ ਨਾਲ ਹੀ ਬੰਦਾ ਬਣ ਕੇ ਤਿਆਰ ਹੋ ਜਾਂਦਾ ਸੀ। ਖ਼ੈਰ ਉਸ ਸਮੇਂ ਵਰਤੀ ਸਖ਼ਤੀ ਬੰਦੇ ਨੂੰ ਸਮੇਂ ਨਾਲ ਚੰਗੇ ਅਹੁਦਿਆਂ 'ਤੇ ਜ਼ਰੂਰ ਬਿਰਾਜਮਾਨ ਕਰ ਜਾਂਦੀ ਸੀ ਜੋ ਅੱਜ ਸ਼ਾਇਦ ਬੈਂਤ ਦਾ ਡੰਡਾ ਤੇ ਮਾਸਟਰਾਂ ਦੇ ਦੇਸੀ ਘਸੁੰਨ ਦੋਨੋਂ ਗਾਇਬ ਹੋ ਗਏ। ਜਿੱਥੇ ਮੋਡਰਨ ਯੁੱਗ ਵਿੱਚ ਬੱਚੇ ਨੂੰ ਵੀ ਪਤਾ ਹੈ ਕਿ ਹੁਣ ਨਾ ਪੜ੍ਹਨ ਤੇ ਹੱਥ ਨਹੀਂ ਚੁੱਕਿਆ ਜਾਣਾ ਨਾ ਡੰਡਾ ਵਜਣਾ, ਅੱਜ ਕੁਝ ਕੁ ਤਾਂ ਬੱਚੇ ਘਰੇਲੂ ਨਸੀਹਤਾਂ ਨਾਲ ਸਮਝਦਾਰ ਹੋ ਗਏ ਬਾਕੀ ਬੈਂਤ ਵਾਲੇ ਉਹ ਪੱਕਾ ਵਿਗੜਨੋਂ ਨਹੀਂ ਬਚੇ।

ਜਿਨ੍ਹਾਂ ਕੁ ਬਦਲਾਅ ਸਾਨੂੰ ਪੰਜੀਵੀਂ ਸਦੀ ਵਿੱਚ ਦਿਸਿਆ ਉਹ ਬਿਆਨ ਏਨਾਂ ਸਤਰਾਂ ਵਿੱਚ ਹੋਇਆ। ਇਸ ਤੋਂ ਅੱਗੇ ਹੋਰ ਤੀਹਾਂ ਸਾਲਾਂ ਤੱਕ ਮੈਨੂੰ ਲੱਗਦਾ ਕਿ ਐਲ ਕੇ ਜੀ ਦੇ ਬੱਚੇ ਜ਼ਰੂਰ ਟੈਬਸ ਤੇ ਪੜ੍ਹਨਗੇ ਨਾਲ ਮੋਟੇ ਸ਼ੀਸ਼ੇ ਵਾਲੀ ਐਨਕਾਂ ਦਾ ਮੁਕਾਬਲਾ ਇਕ ਦੂਜੇ ਬੱਚੇ ਨਾਲ ਅੱਡ ਚਲੇਗਾ ਅਤੇ ਅਨਫਿਟ ਸ਼ਰੀਰਾਂ ਦਾ ਅੱਡ। ਜਿਥੇ ਮਾਤਾ ਪਿਤਾ ਸਖ਼ਤੀ ਵਰਤਾਉਣਗੇ ਉਹ ਬੱਚੇ ਜ਼ਰੂਰ ਅੱਜ ਦੀ ਸਦੀ ਵਿੱਚ ਕਾਮਯਾਬੀ ਤੇ ਤੰਦਰੁਸਤੀ ਹਾਸਲ ਕਰਨਗੇ।

ਦੋਸਤੋ ਇਸ ਮਿੰਨੀ ਕਹਾਣੀ ਵਿੱਚ ਛੋਟੀ ਵੱਡੀ ਉਮਰ ਵਾਲੇ ਦੋਸਤਾਂ ਦੀਆਂ ਬੇਅੰਤ ਯਾਦਾਂ ਜੁੜੀਆਂ ਹਨ, ਕਈਆਂ ਦੇ ਦਿਲਾਂ ਨੂੰ ਟੁੰਬਦੀ ਜ਼ਰੂਰ ਹੋਊਂ। ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹੇ ਹਨ। ਖ਼ੈਰ ਇੱਕ ਸਰਕਾਰੀ ਕੰਮ ਕਰਦਿਆਂ ਸਕੂਲ ਵਿੱਚ ਵਿਚਰਦਿਆਂ ਨਵੇਂ ਬਦਲਾਅ ਦੇਖਦਿਆਂ ਪੁਰਾਣੀ ਯਾਦਾਂ ਨਾਲ ਨਵੇਂ ਦੌਰ ਦੀ ਤੁਲਨਾ ਜ਼ਰੂਰ ਕਰਕੇ ਦੱਸੀ ਹੈ।

# ਰਿਟਾਇਰਮੈਂਟ – ਜ਼ਿੰਦਗੀ ਦਾ ਇੱਕ ਮਹੱਤਵਪੂਰਨ ਪਲ

ਕਿਸੇ ਵੀ ਕੰਮ ਕਾਜੀ ਕਰਮਚਾਰੀ ਦੀ ਰਿਟਾਇਰਮੈਂਟ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਤੇ ਭਾਵਕ ਪਲ ਹੁੰਦਾ ਹੈ । ਇਹ ਨਾ ਸਿਰਫ਼ ਉਸਦੀ ਲੰਬੀ ਸੇਵਾ ਦੀ ਕਦਰ ਕਰਨ ਦਾ ਮੌਕਾ ਹੁੰਦਾ ਹੈ, ਬਲਕਿ ਇਹ ਸਾਡੀ ਸਮਾਜਿਕ ਅਤੇ ਨੈਤਿਕ ਜ਼ਿੰਮੇਵਾਰੀ ਵੀ ਹੈ ਕਿ ਅਸੀਂ ਆਪਣੇ ਸਾਥੀਆਂ ਦੇ ਵਿਦਾਈ ਸਮਾਰੋਹ ਦੇ ਵਿੱਚ ਆਪਣੀ ਹਾਜ਼ਰੀ ਨੂੰ ਯਕੀਨੀ ਬਣਾਈਏ । ਅੱਜ ਕੱਲ ਦੇ ਕਾਰਜ ਕੁਸ਼ਲ ਅਤੇ ਗਤੀਸ਼ੀਲ ਕਾਰਜ ਸਥਾਨਾਂ ਦੇ ਵਿੱਚ ਦਫ਼ਤਰ ਰੋਜ਼ਮਰਾ ਦੇ ਕੰਮਾਂ ਵਿੱਚ ਕਰਮਚਾਰੀਆਂ ਦੀ ਆਪਸੀ ਅਣਬਣ ਅਤੇ ਵਿਵਾਦ ਆਮ ਗੱਲ ਹੈ । ਪਰ ਕੀ ਇਹ ਵਿਵਾਦ ਇੰਨੇ ਵੱਡੇ ਹੋ ਜਾਂਦੇ ਹਨ ਕਿ ਅਸੀਂ ਕਿਸੇ ਦੀ ਜ਼ਿੰਦਗੀ ਦੇ ਜੋ ਰਿਟਾਇਰਮੈਂਟ ਵਰਗੇ ਸਭ ਤੋਂ ਖ਼ਾਸ ਪਲਾਂ ਨੂੰ ਅਣਡਿੱਠਾ ਕਰ ਦਿੰਦੇ ਹਾਂ । ਇਹ ਸੋਚਣ ਵਾਲੀ ਗੱਲ ਹੈ ਰਿਟਾਇਰਮੈਂਟ ਪਾਰਟੀ ਵਿੱਚ ਹਿੱਸਾ ਲੈਣਾ ਨਾ ਸਿਰਫ਼ ਇੱਕ ਰਵਾਇਤੀ ਪ੍ਰਥਾ ਹੈ ਬਲਕਿ ਇਹ ਇੱਕ ਵਿਅਕਤੀ ਦੀ ਸੇਵਾ ਸਮਰਪਣ ਅਤੇ ਉਸਦੀ ਦਫ਼ਤਰੀ ਸੇਵਾ ਲਈ ਸਤਿਕਾਰ ਦਾ ਪ੍ਰਗਟਾਵਾ ਵੀ ਹੈ । ਜੇਕਰ ਕਿਸੇ ਨਾਲ ਸਾਡਾ ਵਿਅਕਤੀਗਤ ਰੁਝਾਨ ਜਾਂ ਰਿਸ਼ਤਾ ਨਹੀਂ ਵੀ ਬਣਿਆ ਤਾਂ ਵੀ ਇੱਕ ਸਾਥੀ ਹੋਣ ਦੇ ਨਾਂ ਤੇ ਸਾਨੂੰ ਰਿਟਾਇਰਮੈਂਟ ਸਮਾਗਮ ਵਿੱਚ ਹਾਜ਼ਰੀ ਲਗਾਉਣੀ ਚਾਹੀਦੀ ਹੈ ਇਹ ਸਾਡੇ ਕਿਰਦਾਰ ਦੀ ਪਰਿਭਾਸ਼ਾ ਹੈ । ਸੱਚੀ ਪ੍ਰੋਫ਼ੈਸ਼ਨਲਿਜ਼ਮ ਇਹੀ ਹੈ ਕਿ ਅਸੀਂ ਕਿਸੇ ਸਾਥੀ ਨਾਲ ਸਾਡੇ ਨਿੱਜੀ ਸਮੱਸਿਆਵਾਂ ਜਾਂ ਨਾ-ਪੱਖੀ ਭਾਵਨਾਵਾਂ ਨੂੰ ਪਾਸੇ ਰੱਖ ਕੇ ਕਿਸੇ ਦੀ ਖੁਸ਼ੀ ਅਤੇ ਸਨਮਾਨ ਦੇ ਦਿਨ ਕਿਸੇ ਦੇ ਵਿਦਾਈ ਸਮਾਰੋਹ ਵਿੱਚ ਆਪਣੀ ਸ਼ਿਰਕਤ ਨੂੰ ਯਕੀਨੀ ਬਣਾਈਏ । ਅਕਸਰ ਇਹੋ ਜਿਹੀ ਹਾਜ਼ਰੀ ਲੰਬੇ ਸਮੇਂ ਤੱਕ ਯਾਦ ਕਰੀ ਜਾਂਦੀ ਹੈ ਤੇ ਮਨੁੱਖਤਾ ਨੂੰ ਕੁਦਰਤ ਵੱਲੋਂ ਉੱਚ ਦਰਜਾ ਮਿਲੀ ਹੋਈ ਸੋਚ ਦਾ ਸਬੂਤ ਦਿੰਦੀ ਹੈ । ਅਸੀਂ ਆਪਣੇ ਸਾਥੀਆਂ ਨਾਲ ਸਾਲਾਂ ਤੱਕ ਕੰਮ ਕਰਦੇ ਹਾਂ । ਉਹਨਾਂ ਦੇ ਨਾਲ ਬੇਸ਼ਕ ਸਾਡੇ ਤੱਤੇ, ਠੰਡੇ, ਕੌੜੇ, ਮਿੱਠੇ ਤਜ਼ਰਬੇ ਹੁੰਦੇ ਹਨ ਪਰ ਅਸੀਂ ਉਮਰ ਦਾ ਇੱਕ ਚੋਖਾ ਵਕਤ ਇਕੱਠੇ ਬਿਤਾਉਂਦੇ ਹਾਂ । ਵਿਦਾਈ ਦਾ ਸਮਾਂ ਉਹ ਪਲ ਹੁੰਦੇ ਹਨ, ਜਿੱਥੇ ਕਿਸੇ ਵਿਅਕਤੀ ਦੀ ਪਛਾਣ ਅਤੇ ਸਨਮਾਨ ਨੂੰ ਯਾਦਾਂ ਦਾ ਇੱਕ ਨਵਾਂ ਰਸਤਾ ਮਿਲਦਾ ਹੈ । ਅਸੀਂ ਉਹਨਾਂ ਪਲਾਂ ਵਿੱਚ ਗੈਰ ਹਾਜ਼ਰ ਰਹਿ ਕੇ ਨਾ ਸਿਰਫ਼ ਉਸ ਵਿਅਕਤੀ ਨੂੰ ਸਗੋਂ ਆਪਣੀ ਕੰਮ ਕਾਜੀ ਕਿਰਦਾਰ ਨੂੰ ਵੀ ਛੋਟਾ ਸਾਬਿਤ ਕਰ ਦਿੰਦੇ ਹਾਂ ਅਤੇ ਇਹ ਸਾਡੇ ਵਿੱਚ ਪ੍ਰੋਫ਼ੈਸ਼ਨਲੀਜ਼ਮ ਦੀ ਘਾਟ ਨੂੰ ਦਰਸਾਉਂਦਾ ਹੈ । ਕਈ ਵਾਰ ਵਿਚਾਰਾਂ ਦੇ ਟਕਰਾ ਕਾਰਜ ਕੁਸ਼ਲ ਤਰੀਕਿਆਂ ਦਾ ਵੱਖਰਾਪਣ ਜਾਂ ਵਿਅਕਤੀਗਤ ਰੁਝਾਨ ਇੱਕ-ਦੂਜੇ ਕਰਮਚਾਰੀਆਂ ਵਿੱਚ ਦੂਰੀ ਪੈਦਾ ਕਰ ਦਿੰਦਾ ਹੈ ਪਰ ਕੀ ਇਸ ਕਾਰਨ ਅਸੀਂ ਕਿਸੇ ਦੀਆਂ ਸਾਲਾਂ ਦੀਆਂ ਸੇਵਾਵਾਂ ਨੂੰ ਅਣਡਿੱਠਾ ਕਰ ਦੇਈਏ । ਕੀ ਸਾਡਾ ਵਿਅਕਤੀਗਤ ਮਨ ਮੁਟਾਵ ਇਨਾਂ ਵੱਡਾ ਹੈ ਕਿ ਅਸੀਂ ਕਿਸੇ ਦੇ ਕੈਰੀਅਰ ਦੀ ਸਮਰਪਣ ਭਾਵਨਾ ਨੂੰ ਨਜ਼ਰ ਅੰਦਾਜ਼ ਕਰ ਦਈਏ । ਇਹ ਸਾਡੇ ਮਨ ਵਿੱਚ ਅਹੰਕਾਰੀ ਵਿਚਾਰਾਂ ਦੇ ਹਾਵੀ ਹੋਣ ਦੀ ਸਥਿਤੀ ਨੂੰ ਦਰਸਾਉਂਦਾ ਹੈ । ਇਸ ਦਾ ਜਵਾਬ ਸਾਫ਼ ਸ਼ਬਦਾਂ ਵਿੱਚ ਨਹੀਂ ਹੋਣਾ ਚਾਹੀਦਾ ਹੈ ਅੰਤ ਵਿੱਚ ਚੰਗੀਆਂ ਪਦਵੀਆਂ ਤੇ ਕੰਮ ਕਰਨ ਵਾਲੇ ਸਾਰੇ ਸੁਭਵਾਨ ਕਰਮਚਾਰੀਆਂ ਨੂੰ ਇਹੀ ਅਪੀਲ ਹੈ ਕਿ ਰਿਟਾਇਰਮੈਂਟ ਪਾਰਟੀ ਵਿੱਚ ਸ਼ਿਰਕਤ ਕਰਨਾ ਸਾਡੀ ਨੈਤਿਕਤਾ ਵਿਵੇਕ ਅਤੇ ਆਦਤ ਦਾ ਪ੍ਰਤੀਕ ਹੈ ਸਾਨੂੰ ਮਨੁੱਖਤਾ ਦੀ ਖੂਬਸੂਰਤੀ ਨੂੰ ਬਰਕਰਾਰ ਰੱਖਦੇ ਹੋਏ ਆਪਸੀ ਵਿਅਕਤੀ ਗਿਲੇ ਸ਼ਿਕਵੇ ਭੁਲਾ ਕੇ ਦੂਜਿਆਂ ਦੀਆਂ ਖੁਸ਼ੀਆਂ ਵਿੱਚ ਸ਼ਾਮਿਲ ਹੋਣਾ ਸਿੱਖਣਾ ਚਾਹੀਦਾ ਹੈ ਖ਼ਾਸ ਤੌਰ ਤੇ ਵਿਦਾਈ ਸਮਾਰੋਹਾਂ ਵਿੱਚ ਗੈਰ ਹਾਜ਼ਰ ਨਹੀਂ ਰਹਿਣਾ ਚਾਹੀਦਾ । ਜੇਕਰ ਅਸੀਂ ਅਜਿਹੀ ਸੋਚ ਤੇ ਪਹਿਰਾ ਦੇ ਲਈਏ ਤਾਂ ਇਹ ਸਾਡੀ ਜਿੱਤ ਹੋਏਗੀ ਇੱਕ ਵਿਅਕਤੀ ਵਜੋਂ ਵੀ ਅਤੇ ਇੱਕ ਸਹਿਕਰਮੀ ਵਜੋਂ ਵੀ ਤੇ ਇੱਕ ਪ੍ਰੋਫੈਸ਼ਨਲ ਵਿਅਕਤੀ ਵਜੋਂ ਵੀ ਇਹ ਸੱਚ ਹੈ ਕਿ ਹਰ ਸਾਥੀ ਨਾਲ ਸਾਡਾ ਅਨੁਭਵ ਚੰਗਾ ਨਹੀਂ ਹੋ ਸਕਦਾ ਪਰ ਇੱਕ ਸਾਥੀ ਇੱਕ ਸਹਿਕਰਮੀ ਹੋਣ ਦੇ ਨਾਂ ਤੇ ਜੇ ਅਸੀਂ ਕਿਸੇ ਦੀ ਆਖਰੀ ਦਫ਼ਤਰ ਦੇ ਦਿਨ ਤੇ ਉਸਦੇ ਸਨਮਾਨ ਦੀ ਰਸਮ ਤੋਂ ਗੈਰ ਹਾਜ਼ਰ ਰਹਿੰਦੇ ਹਾਂ ਤਾਂ ਅਸੀਂ ਸਿਰਫ਼ ਉਸ ਵਿਅਕਤੀ ਨੂੰ ਨਹੀਂ ਸਗੋਂ ਆਪਣੀ ਨੈਤਿਕਤਾ ਨੂੰ ਵੀ ਠੋਕਰ ਮਾਰਦੇ ਹਾਂ । ਸਥਾਨਕ ਕੰਮ ਕਾਜੀ ਵਾਤਾਵਰਨ ਵਿੱਚ ਅਸੀਂ ਸਾਲਾਂ ਤੱਕ ਇਕੱਠੇ ਕੰਮ ਕਰਦੇ ਹਾਂ ਅਸੀਂ ਦੁੱਖ-ਸੁੱਖ ਲੰਮੀਆਂ ਮੀਟਿੰਗਾਂ ਸਾਂਝੇ ਟੀਵ ਬਰੇਕਾਂ ਅਤੇ ਕਈ ਅਣਗਿਣਤ ਮੌਕਿਆਂ ਉੱਤੇ ਇੱਕ-ਦੂਜੇ ਨਾਲ ਪਲ ਸਾਂਝੇ ਕਰਦੇ ਹਾਂ ਰਿਟਾਇਰਮੈਂਟ ਦੇ ਪਲ ਉਹ ਪਲ ਹਨ ਜਿੱਥੇ ਇਹ ਸਾਰੀਆਂ ਯਾਦਾਂ ਇੱਕ ਝਲਕ ਵਾਂਗ ਸਾਡੀਆਂ ਅੱਖਾਂ ਦੇ ਸਾਹਮਣੇ ਆਉਂਦੀਆਂ ਹਨ ਸੋ ਇਹਨਾਂ ਪਲਾਂ ਵਿੱਚ ਸਾਡਾ ਹਾਜ਼ਰ ਹੋਣਾ ਨਾ ਸਿਰਫ਼ ਲਾਜ਼ਮੀ ਹੈ ਸਗੋਂ ਅਤੀ ਅਵਸ਼ਕ ਹੈ । ਸਾਡੇ ਹਾਜ਼ਰ ਹੋਣ ਨਾਲ ਸਿਰਫ਼ ਰਿਟਾਇਰ ਹੋਣ ਵਾਲੇ ਸਾਥੀ ਨੂੰ ਖੁਸ਼ੀ ਹੀ ਨਹੀਂ ਮਿਲਦੀ ਸਗੋਂ ਸਾਨੂੰ ਸੰਸਥਾ ਵਿੱਚ ਵੀ ਇੱਕ ਵਧੀਆ ਕੰਮ ਕਾਜੀ ਸੰਸਕਾਰ ਸਨਮਾਨ ਅਤੇ ਨਿਜੀ ਭਾਵਨਾਵਾਂ ਤੋਂ ਉੱਤੇ ਉੱਠ ਕੇ ਕੰਮ ਕਰਨ ਦੀ ਪ੍ਰੇਰਨਾ ਮਿਲਦੀ ਹੈ ਸਮਾਜਿਕ ਨੈਤਿਕਤਾ ਇਹੀ ਸਿਖਾਉਂਦੀ ਹੈ ਕਿ ਮਨੁੱਖ ਨੂੰ ਪਹਿਲ ਦੇਈਏ ਨਾ ਕਿ ਆਪਸੀ ਮਤਭੇਤਾਂ ਨੂੰ ਕਈ ਵਾਰ ਇੱਕ ਛੋਟੀ ਜਿਹੀ ਹਾਜ਼ਰੀ ਇੱਕ ਛੋਟੀ ਜਿਹੀ ਮੁਸਕਰਾਹਟ ਕਿਸੇ ਦੀ ਸੇਵਾ ਨੂੰ ਉਸਦੀਆਂ ਯਾਦਾਂ ਵਿੱਚ ਚਮਕਦਾਰ ਅੱਖਰਾਂ ਵਿੱਚ ਲਿਖ ਸਕਦੀ ਹੈ । ਇਸ ਲਈ ਆਓ ਅਸੀਂ ਜੇ ਹਰ ਰਿਟਾਇਰਮੈਂਟ ਸਮਾਰੋਹ ਵਿੱਚ ਆਪਣੀ ਹਾਜ਼ਰੀ ਨੂੰ ਯਕੀਨੀ ਬਣਾਈਏ ਭਾਵੇਂ ਅੰਦਰਲੇ ਸੰਬੰਧ ਕਿਹੋ ਜਿਹੇ ਵੀ ਰਹੇ ਹੋਣ ਅਸੀਂ ਨਿੱਜੀ ਮਤਭੇਦਾਂ ਨੂੰ ਖ਼ਤਮ ਕਰਕੇ ਇੱਕ ਉੱਚੀ ਅਤੇ ਮਰਿਆਦਾ ਵਾਲੀ ਸੋਚ ਦਾ ਪ੍ਰਗਟਾਵਾ ਕਰੀਏ । ਇਹੀ ਸਾਡੀ ਜਿੱਤ ਹੈ ਮਨੁੱਖੀ ਹੋਣ ਨਾਤੇ ਅਤੇ ਇੱਕ ਸਾਥੀ ਹੋਣ ਤੇ ।

**ਮਨਮਿੰਦਰ ਸਿੰਘ ਬਰਾੜ**
ਮੋਬਾਇਲ : 79863-41807

------------- ਬਾਕੀ ਸਫ਼ਾ 10 ਦੀ -------------

# ਆਮਦਨ ਵਧਾਉਣ ਲਈ ਸਭ ਤੋਂ ਉੱਤਮ ਤਰੀਕਾ ਦੁੱਧ ਪਦਾਰਥ ਬਣਾਉਣਾ

ਕੇ । ਘਿਓ ਅਤੇ ਮੱਖਣ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ ।

**ਦਹੀਂ ਦੀ ਪੌਸ਼ਟਿਕਤਾ :**

★ ਦਹੀਂ ਦੀ ਪੌਸ਼ਟਿਕਤਾ ਦੁੱਧ ਨਾਲੋਂ ਜ਼ਿਆਦਾ ਹੁੰਦੀ ਹੈ ।

★ ਦਹੀਂ ਵਿੱਚ ਐਂਟੀਬਾਇਓਟਿਕ ਹੋਣ ਕਰਕੇ ਇਹ ਕਈ ਬੀਮਾਰੀਆਂ ਨਾਲ ਟਾਕਰਾ ਕਰਨ ਲਈ ਕਾਫੀ ਸਹਾਇਤਾ ਕਰਦੀ ਹੈ ।

★ ਦਹੀਂ ਦੁੱਧ ਨਾਲੋਂ ਜਲਦੀ ਹਜ਼ਮ ਹੋ ਜਾਂਦੀ ਹੈ ।

**ਦਹੀਂ ਦੀ ਬਣਤਰ :** ★ ਦੁੱਧ ਨੂੰ ਉਬਾਲ ਕੇ ਠੰਡਾ ਕਰਕੇ ਪਹਿਲੇ ਦਿਨ ਦੇ ਜਾਗ ਨਾਲ ਦਹੀਂ ਜਮਾ ਦਿੱਤਾ ਜਾਂਦਾ ਹੈ । ਇਸ ਨੂੰ ਰਾਤ ਭਰ ਬਿਨਾਂ ਹਿਲਾਏ ਤੋਂ ਰੱਖਿਆ ਜਾਂਦਾ ਹੈ । ਸਰਦੀਆਂ ਵਿੱਚ ਦਹੀਂ ਵਾਲਾ ਭਾਂਡਾ (ਚਾਟੀ) ਲੋੜੀਂਦਾ ਤਾਪਮਾਨ ਬਣਾਈ ਰੱਖਣ ਲਈ ਗਰਮ ਕੱਪੜੇ ਨਾਲ ਢੱਕਿਆ ਜਾਂਦਾ ਹੈ ।

**ਦਹੀਂ ਤਿਆਰ ਕਰਨ ਦਾ ਤਰੀਕਾ** : ਤਾਜ਼ਾ ਦੁੱਧ ਲੈ ਕੇ ਉਸਨੂੰ 40 ਡਿਗਰੀ ਸੈਂਟੀਗਰੇਡ ਉੱਪਰ ਕੋਸਾ ਕਰਕੇ ਸਾਫ ਮਲਮਲ ਦੇ ਕਪੜੇ ਨਾਲ ਪੁਣ ਲਿਆ ਜਾਂਦਾ ਹੈ । ਉੱਤਮ ਕੁਆਲਿਟੀ ਦਾ ਦਹੀਂ ਤਿਆਰ ਕਰਨ ਲਈ ਦੁੱਧ ਦੀ ਫੈਟ 3 ਪ੍ਰਤੀਸ਼ਤ ਅਤੇ ਐਸ. ਐਨ. ਐਫ. 3 ਪ੍ਰਤੀਸ਼ਤ ਦੇ ਕਰੀਬ ਹੋਣੀ ਚਾਹੀਦੀ ਹੈ । ਇਸ ਦੁੱਧ ਨੂੰ 80-90 ਡਿਗਰੀ ਸੈਂਟੀਗ੍ਰੇਡ ਉੱਪਰ 15 ਮਿੰਟ ਤੱਕ ਗਰਮ ਕਰਨ ਉਪਰੰਤ ਇਸ ਦੁੱਧ ਨੂੰ 20 ਤੋਂ 25 ਡਿਗਰੀ ਸੈਂਟੀਗ੍ਰੇਡ ਉੱਪਰ ਠੰਡਾ ਕੀਤਾ ਜਾਵੇ । ਜਾਗ ਨੂੰ 25 ਡਿਗਰੀ ਸੈਂਟੀਗ੍ਰੇਡ ਉੱਪਰ 1 ਪ੍ਰਤੀਸ਼ਤ ਦੀ ਦਰ ਦੇ ਹਿਸਾਬ ਨਾਲ ਲਾਇਆ ਜਾਂਦਾ ਹੈ । ਪਰੰਤੂ ਜੇ ਦਹੀਂ ਤੋਂ ਮੱਖਣ ਜਾਂ ਘਿਓ ਬਣਾਉਣਾ ਹੋਵੇ ਤਾਂ ਜਾਗ ਥੋੜ੍ਹੇ ਜਿਹੇ ਜ਼ਿਆਦਾ ਗਰਮ ਦੁੱਧ (35 ਡਿਗਰੀ ਸੈਂਟੀਗ੍ਰੇਡ ਨੂੰ ਲਾਇਆ ਜਾਂਦਾ ਹੈ । ਮਿੱਠਾ ਦਹੀਂ ਬਣਾਉਣ ਲਈ ਕੱਪਾਂ ਵਿੱਚ 12-14 ਘੰਟਿਆਂ ਲਈ 25 ਡਿਗਰੀ ਸੈਂਟੀਗ੍ਰੇਡ ਉੱਪਰ ਜੰਮਣ ਦਿੱਤਾ ਜਾਂਦਾ ਹੈ ਅਤੇ ਫਿਰ ਇਸ ਨੂੰ ਫਰਿਜ਼ ਵਿੱਚ ਲਗਭਗ 5-10 ਡਿਗਰੀ ਸੈਂਟੀਗ੍ਰੇਡ ਉੱਪਰ ਸਟੋਰ ਕਰਕੇ ਵੇਚਿਆ ਜਾਂਦਾ ਹੈ । ਖੱਟੇ ਦਹੀਂ ਨੂੰ ਰਿੜਕ ਕੇ ਉਸ ਤੋਂ ਮੱਖਣ, ਦੇਸੀ ਘਿਓ ਅਤੇ ਲੱਸੀ ਬਣਾਈ ਜਾਂਦੀ ਹੈ । ਉੱਤਮ ਕੁਆਲਿਟੀ ਦੀ ਦਹੀਂ ਦਾ ਰੰਗ ਸਾਫ ਪਰੰਤੂ ਹਲਕੀ, ਪੀਲੀ ਦਿੱਖ ਵਾਲਾ ਅਤੇ ਸਵਾਦ ਪੱਖੋਂ ਥੋੜ੍ਹਾ ਜਿਹਾ ਖਟਾਸ ਵਾਲਾ ਹੋਣਾ ਚਾਹੀਦਾ ਹੈ ।

**ਦਹੀਂ ਜਮਾਉਣ ਵੇਲੇ ਧਿਆਨ ਰੱਖਣ ਯੋਗ ਗੱਲਾਂ :**

★ ਜ਼ਿਆਦਾ ਗਰਮ ਦੁੱਧ ਨੂੰ ਜਾਗ ਨਹੀਂ ਲਾਉਣਾ ਚਾਹੀਦਾ ।

★ ਜਾਗ ਘੱਟ ਤਾਪਮਾਨ ਉੱਤੇ 10-15 ਡਿਗਰੀ ਸੈਂਟੀਗ੍ਰੇਡ ਉੱਪਰ ਸਟੋਰ ਕਰਨਾ ਚਾਹੀਦਾ ਹੈ ।

★ ਦੁੱਧ ਦੀ ਫੈਟ ਘੱਟ ਹੋਣੀ ਚਾਹੀਦੀ ਹੈ ਜਿੰਨੀ ਦੁੱਧ ਦੀ ਫੈਟ ਘੱਟ ਹੋਵੇਗੀ ਦਹੀਂ ਉਨ੍ਹਾਂ ਹੀ ਵਧੀਆ ਹੋਵੇਗਾ ।

★ ਦਹੀਂ ਦਾ ਤੇਜ਼ਾਬੀਪਨ (ਐਸੀਡੀਟੀ) 0.75 ਤੋਂ 0.85 ਦੇ ਵਿੱਚ ਹੀ ਹੋਣਾ ਚਾਹੀਦਾ ਹੈ ।

**ਮੱਖਣ ਬਣਾਉਣਾ** : ਮੱਖਣ, ਗਾਂ ਜਾਂ ਮੱਝ ਦੇ ਦੁੱਧ ਦੇ ਦਹੀਂ ਨੂੰ ਰਿੜਕ ਕੇ ਤਿਆਰ ਕੀਤਾ ਜਾਂਦਾ ਹੈ । ਇਸ ਵਿੱਚ ਕਿਸੇ ਕਿਸਮ ਦੇ ਰੰਗ, ਰੰਧ ਵਗੈਰਾ ਨਹੀਂ ਪਾਏ ਜਾਂਦੇ । ਇਸ ਦੀ ਫੈਟ 76-80 ਪ੍ਰਤੀਸ਼ਤ ਹੋਣੀ ਚਾਹੀਦੀ ਹੈ ।

**ਮੱਖਣ ਬਣਾਉਣ ਦਾ ਤਰੀਕਾ** : ਮੱਝ ਦਾ ਤਾਜ਼ਾ ਦੁੱਧ ਮੱਖਣ ਬਣਾਉਣ ਲਈ ਉੱਤਮ ਹੁੰਦਾ ਹੈ । ਕਿਉਂਕਿ ਮੱਝ ਦੇ ਦੁੱਧ ਦੀ ਫੈਟ ਜ਼ਿਆਦਾ ਆਉਂਦੀ ਹੈ ਅਤੇ ਮੱਖਣ ਵੀ ਜ਼ਿਆਦਾ ਹੁੰਦੀ ਹੈ । ਜਮਾਉਂ ਵਾਲਾ ਦੁੱਧ ਸਾਫ ਅਤੇ ਮਿੱਠਾ ਹੋਣਾ ਚਾਹੀਦਾ ਹੈ । ਦੁੱਧ ਤੋਂ ਦਹੀਂ ਜਮਾਉਣ ਦਾ ਤਰੀਕਾ ਪਹਿਲਾਂ ਦੱਸਿਆ ਜਾ ਚੁੱਕਾ ਹੈ । ਪਰੰਤੂ ਇਥੇ ਕਿਉਂਕਿ ਖੱਟਾ ਦਹੀਂ ਤਿਆਰ ਕਰਨਾ



ਹੈ । ਇਸ ਲਈ ਜਾਗ ਦੀ ਮਾਤਰਾ ਸਰਦੀਆਂ ਵਿੱਚ 2.5 ਪ੍ਰਤੀਸ਼ਤ ਅਤੇ ਗਰਮੀਆਂ ਵਿੱਚ 1 ਪ੍ਰਤੀਸ਼ਤ ਰੱਖਣੀ ਪਵੇਗੀ ਜੋ ਕਿ ਵਾਤਾਵਰਣ ਦੇ ਤਾਪਮਾਨ ਅਨੁਸਾਰ ਵਧਾਈ-ਘਟਾਈ ਜਾ ਸਕਦੀ ਹੈ ।

**ਦੁੱਧ ਰਿੜਕਨਾ** : ਦਹੀਂ ਰਿੜਕਨ ਦਾ ਤਾਪਮਾਨ 13 ਡਿਗਰੀ ਸੈਂਟੀਗਰੇਡ ਦੇ ਲਗਭਗ ਰੱਖਣ ਲਈ ਵਾਤਾਵਰਣ ਦੇ ਤਾਪਮਾਨ ਮੁਤਾਬਕ ਪਾਉਣਾ ਠੰਡਾ ਪਾਣੀ ਪਾਉਣਾ ਚਾਹੀਦਾ ਹੈ । ਕਦੇ ਵੀ ਬਰਤਨ ਵਿੱਚ ਏਨਾ ਪਾਣੀ ਨਹੀਂ ਪਾਉਣਾ ਚਾਹੀਦਾ ਕਿ ਉਹ ਰਿੜਕੇ ਜਾਣ ਵਾਲੇ ਦਹੀਂ ਤੋਂ ਵੱਧ ਜਾਵੇ । ਰਿੜਕਣ ਦਾ ਸਮਾਂ ਵੀ ਦੁੱਧ ਦੀ ਕੁਆਲਿਟੀ (ਫੈਟ), ਦੁੱਧ ਦੀ ਮਾਤਰਾ ਤੋਂ ਮੌਸਮ ਉੱਪਰ ਨਿਰਭਰ ਕਰਦਾ ਹੈ । ਫਿਰ ਵੀ 20-22 ਮਿੰਟਾਂ ਵਿੱਚ ਦਹੀਂ ਰਿੜਕਿਆ ਜਾਂਦਾ ਹੈ । ਫਿਰ ਲੱਸੀ ਨੂੰ ਕੱਢਕੇ ਮੱਖਣ ਨੂੰ ਦੁਬਾਰਾ ਠੰਡੇ ਪਾਣੀ ਨਾਲ ਘੱਟ ਸਪੀਡ ਉੱਪਰ ਰਿੜਕਿਆ ਜਾਂਦਾ ਹੈ ਤਾਂ ਜੋ ਥੋੜ੍ਹਾ ਬਹੁਤ ਵੀ ਦਹੀਂ/ਛਿੱਦੀ ਮੱਖਣ ਵਿੱਚ ਨਾ ਰਹਿ ਜਾਵੇ । ਫਿਰ ਮੱਖਣ ਨੂੰ ਘੀ ਬਣਾਉਣ ਲਈ ਬਰਤਨ ਵਿੱਚ ਸਟੇਨਲੈਸ ਸਟੀਲ ਦੀ ਕੜਛੀ ਨਾਲ ਕੱਢ ਲੈਣਾ ਚਾਹੀਦਾ ਹੈ ।

**ਮੱਖਣ ਦੀ ਕੁਆਲਿਟੀ** : ਮੱਝ ਦੇ ਦੁੱਧ ਦਾ ਮੱਖਣ ਹਲਕੇ ਸਫੇਦ ਰੰਗ ਦਾ ਅਤੇ ਗਾਂ ਦੇ ਦੁੱਧ ਦਾ ਮੱਖਣ ਹਲਕੇ ਪੀਲੇ ਰੰਗ ਦਾ ਹੁੰਦਾ ਹੈ । ਮੱਖਣ ਦਾਣੇਦਾਰ ਸਖਤ ਚੰਗੀ ਸੁਗੰਧ ਵਾਲਾ ਅਤੇ ਕਿਸੇ ਕਿਸਮ ਦੇ ਧੂੜ ਕਣਾਂ ਤੋਂ ਰਹਿਤ ਹੋਣਾ ਚਾਹੀਦਾ ਹੈ ।

**ਲੱਸੀ** : ਇਹ ਦਹੀਂ ਨੂੰ ਜਾਂ ਦੁੱਧ ਨੂੰ ਰਿੜਕਣ ਤੋਂ ਬਾਅਦ ਮੱਖਣ ਉਤਪਾਦਨ ਤੋਂ ਬਾਅਦ ਬਚਿਆ ਹੋਇਆ ਤਰਲ ਪਦਾਰਥ ਹੈ । ਲੱਸੀ ਦੇ ਵਿੱਚ ਪ੍ਰੋਟੀਨ ਅਤੇ ਫਾਸਫੋਲਿਪਿਡਜ਼ ਹੋਣ ਕਰਕੇ ਇਹ ਪਿਆਸ ਬੁਝਾਉਣ ਦਾ ਸਭ ਤੋਂ ਸਸਤਾ ਅਤੇ ਉੱਤਮ ਪਦਾਰਥ ਹੈ । ਲੱਸੀ ਦੇ ਵਿੱਚ ਖੰਡ ਜਾਂ ਨਮਕ ਪਾ ਕੇ ਇਸ ਨੂੰ ਵਰਤਿਆ ਜਾਂਦਾ ਹੈ । ਠੰਡੀ ਲੱਸੀ ਵਿੱਚ ਲੋੜ ਮੁਤਾਬਕ ਬਰਫ ਅਤੇ ਫਲੇਵਰ ਵੀ ਪਾਏ ਜਾ ਸਕਦੇ ਹਨ । ਲੱਸੀ ਦੇ ਵਿੱਚ ਤਕਰੀਬਨ 1 ਪ੍ਰਤੀਸ਼ਤ ਫੈਟ, 3 ਪ੍ਰਤੀਸ਼ਤ ਐਸ.ਐਨ. ਐਫ. ਅਤੇ 96 ਪ੍ਰਤੀਸ਼ਤ ਪਾਣੀ ਹੁੰਦਾ ਹੈ ।

**ਦੇਸੀ ਘਿਓ ਬਣਾਉਣਾ** : ਘਿਓ, ਮੱਖਣ ਤੋਂ ਤਿਆਰ ਕੀਤਾ ਗਿਆ ਸ਼ੁੱਧ ਫੈਟ ਹੁੰਦਾ ਹੈ । ਭਾਰਤ ਵਿੱਚ ਦੁੱਧ ਦੀ ਕੁੱਲ ਪੈਦਾਵਾਰ ਦਾ 33 ਪ੍ਰਤੀਸ਼ਤ ਘਿਓ ਵਿੱਚ ਤਬਦੀਲ ਹੁੰਦਾ ਹੈ । ਮੱਝ ਦਾ ਦੁੱਧ ਦੇਸੀ ਘਿਓ ਲਈ ਉੱਤਮ ਗਿਣਿਆ ਜਾਂਦਾ ਹੈ ਕਿਉਂਕਿ ਇਸ ਦੇ ਫੈਟ ਦੇ ਕਣ ਅਤੇ ਸੁਗੰਧ ਗਾਂ ਦੇ ਦੁੱਧ ਨਾਲੋਂ ਨਿਵੇਕਲੀ ਕਿਸਮ ਦੀ ਹੁੰਦੀ ਹੈ । ਘਿਓ ਵਿੱਚ 99 ਪ੍ਰਤੀਸ਼ਤ ਫੈਟ ਹੁੰਦੀ ਹੈ । 0.5 ਪ੍ਰਤੀਸ਼ਤ ਨਮੀਂ ਅਤੇ ਬਾਕੀ ਫਰੀ ਫੈਟੀਐਸਿਡ ਹੁੰਦੇ ਹਨ । ਘਿਓ ਦਾ ਪਿਘਲਾਉ ਦਰਜਾ 30 ਡਿਗਰੀ ਸੈਂਟੀਗ੍ਰੇਡ ਅਤੇ ਜਮਾਊ ਦਰਜਾ 20 ਡਿਗਰੀ ਸੈਂਟੀਗ੍ਰੇਡ ਦੇ ਲੱਗਭਗ ਹੁੰਦਾ ਹੈ ।

**ਘਿਓ ਦੀ ਪੌਸ਼ਟਿਕਤਾ** : ਘਿਓ ਸਰਬ ਭਾਰਤੀ ਪਦਾਰਥਾਂ ਵਿੱਚੋਂ ਸਭ ਤੋਂ ਵੱਧ ਫੈਟ ਰੱਖਣ ਵਾਲਾ ਪਦਾਰਥ ਹੈ ।

**ਘਿਓ ਬਣਾਉਣ ਦਾ ਤਰੀਕਾ** : ਘਿਓ, ਮੱਖਣ ਜਾਂ ਕਰੀਮ ਤੋਂ ਬਣਾਇਆ ਜਾਂਦਾ ਹੈ । ਉੱਤਮ ਕੁਆਲਿਟੀ ਦਾ ਘਿਓ ਬਣਾਉਣ ਲਈ ਪਿੰਡਾਂ ਦੀ ਰਵਾਇਤ ਅਨੁਸਾਰ ਮੱਖਣ ਨੂੰ ਲੰਬੇ ਸਮੇਂ ਲਈ ਸਟੋਰ ਨਹੀਂ ਕੀਤਾ ਜਾਣਾ ਚਾਹੀਦਾ । ਸਗੋਂ ਤਾਜ਼ੇ ਮੱਖਣ ਤੋਂ ਰੋਜ਼ਾਨਾ ਘਿਓ ਬਣਾਉਣਾ ਚਾਹੀਦਾ ਹੈ । ਮੱਖਣ ਨੂੰ 80 ਡਿਗਰੀ ਸੈਂਟੀਗ੍ਰੇਡ ਤਾਪਮਾਨ ਤੇ 30 ਮਿੰਟ ਲਈ ਗਰਮ ਕਰਕੇ ਹੇਠਲੀ ਪਾਣੀ ਦੀ ਤਹਿ ਛੱਡਕੇ ਘਿਓ ਨੂੰ ਦੂਸਰੇ ਬਰਤਨ ਵਿੱਚ ਨਿਤਾਰ ਲਵੋ । ਇਸ ਤੋਂ ਬਾਅਦ ਇਸ ਕੱਚੇ ਘਿਓ ਨੂੰ ਸਟੇਨਲੈਸ ਸਟੀਲ ਦੇ ਬਰਤਨ ਵਿੱਚ ਫਿਰ ਗਰਮ ਕਰੋ । ਅੱਗ ਦਾ ਸੇਕ ਇਨ੍ਹਾਂ ਜ਼ਿਆਦਾ ਨਾ ਹੋਵੇ ਕਿ ਘਿਓ ਮੱਚਣ ਲੱਗ ਪਵੇ । ਦੇਸੀ ਤਰੀਕੇ ਨਾਲ ਬਣਾਇਆ ਘਿਓ ਮਿਲਕ ਪਲਾਂਟਾਂ ਦੇ ਘਿਓ ਨਾਲੋਂ ਵਧੀਆ ਖੁਸ਼ਬੂਦਾਰ ਅਤੇ ਦਾਣੇਦਾਰ ਹੁੰਦਾ ਹੈ । ਘਿਓ ਨੂੰ ਕਦੇ ਵੀ ਸੂਰਜ ਦੀ ਰੌਸ਼ਨੀ ਵਿੱਚ, ਖੁੱਲੇ ਭਾਂਡਿਆਂ ਵਿੱਚ ਤਾਂਬਾ ਪਿੱਤਲ ਆਦਿ ਧਾਤਾਂ ਦੇ ਬਰਤਨਾਂ ਵਿੱਚ ਸਟੋਰ ਨਹੀਂ ਕਰਨਾ ਚਾਹੀਦਾ । ਟੀਨ ਦੇ ਬਰਤਨ, ਘਿਓ ਨੂੰ ਸਟੋਰ ਤੇ ਮੰਡੀਕਰਨ ਲਈ ਸਭ ਤੋਂ ਉੱਤਮ ਗਿਣੇ ਜਾਂਦੇ ਹਨ । ਘਿਓ ਨੂੰ 20 ਡਿਗਰੀ ਸੈਂਟੀਗ੍ਰੇਡ ਤਾਪਮਾਨ ਵਿੱਚ ਹੀ ਸਟੋਰ ਕੀਤਾ ਜਾਣਾ ਚਾਹੀਦਾ ਹੈ । ਵੱਧ ਤਾਪਮਾਨ ਉੱਤੇ ਘਿਓ ਦੀ ਸੁਗੰਧ ਅਤੇ ਇਸਦੀ ਦਿੱਖ ਵਿਗੜ ਜਾਵੇਗੀ । ਆਮ ਤੌਰ ਤੇ ਘਿਓ ਵਿਚੋਲਿਆਂ ਰਾਹੀਂ ਵੇਚਿਆ ਜਾਂਦਾ ਹੈ, ਜੇ ਕਿਸਾਨ ਵਧੀਆ ਕੁਆਲਿਟੀ ਦਾ ਘਿਓ ਬਣਾਕੇ ਆਪ ਮੰਡੀਕਰਣ ਕਰਨ ਤਾਂ ਉਹ ਵੱਧ ਮੁਨਾਫਾ ਲੈ ਸਕਦੇ ਹਨ ।

**ਘਿਓ ਬਣਾਉਣ ਵੇਲੇ ਧਿਆਨ ਰੱਖਣ ਯੋਗ ਗੱਲਾਂ :** ★ ਘਿਓ ਨੂੰ 80 ਡਿਗਰੀ ਸੈਂਟੀਗ੍ਰੇਡ ਤੋਂ ਵੱਧ ਤਾਪਮਾਨ ਉੱਤੇ ਗਰਮ ਨਹੀਂ ਕਰਨਾ ਚਾਹੀਦਾ ।

★ ਘਿਓ ਬਣਾਉਣ ਸਮੇਂ ਅੱਗ ਧੂੰਏ ਰਹਿਤ ਹੋਣੀ ਚਾਹੀਦੀ ਹੈ ।

★ ਘਿਓ ਨੂੰ ਨਿਤਾਰਨ ਤੋਂ ਬਾਅਦ ਇਕਦਮ ਠੰਡਾ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਇਹ ਗਰੀਸ ਦੀ ਸ਼ਕਲ ਅਖਤਿਆਰ ਕਰ ਲਵੇਗਾ । ਘਿਓ ਨੂੰ ਵਾਰ ਵਾਰ ਗਰਮ ਕਰਨਾ ਅਤੇ ਠੰਡਾ ਕਰਨ ਨਾਲ ਵੀ ਇਸ ਦੇ ਦਾਣੇ ਟੁੱਟ ਕੇ ਗਰੀਸ ਦੀ ਸ਼ਕਲ ਅਖਤਿਆਰ ਕਰ ਲੈਂਦੇ ਹਨ ।

★ ਘਿਓ ਨੂੰ 20 ਡਿਗਰੀ ਸੈਂਟੀਗ੍ਰੇਡ ਤੋਂ ਵੱਧ ਤਾਪਮਾਨ ਉੱਤੇ ਸਟੋਰ ਨਹੀਂ ਕਰਨਾ ਚਾਹੀਦਾ ਹੈ ।

★ ਘਿਓ ਨੂੰ ਸਾਫ ਬਰਤਨਾਂ ਵਿੱਚ ਨਿਤਾਰਨਾ ਚਾਹੀਦਾ ਹੈ ਅਣਗਹਿਲੀ ਨਾਲ ਘਿਓ ਦੇ ਵਿੱਚ ਧੂੜ ਕਣ ਆ ਸਕਦੇ ਹਨ ।

**ਸਰੋਤ : ਡੇਅਰੀ ਵਿਕਾਸ ਵਿਭਾਗ, ਪੰਜਾਬ ।**

### 1988 ਵਿੱਚ ਹੜ੍ਹਾਂ ਕਾਰਨ ਪੰਜਾਬ ਵਿੱਚ ਹੋਈਆਂ 1500 ਤੋਂ ਵੱਧ ਮੌਤਾਂ; ਡੁੱਬ ਗਏ 2500 ਤੋਂ ਜ਼ਿਆਦਾ ਪਿੰਡ

# 27 ਸਾਲਾਂ ਬਾਅਦ ਪੰਜਾਬ ਵਿੱਚ ਹੜ੍ਹਾਂ ਕਾਰਨ ਭਿਆਨਕ ਸਥਿਤੀ, ਅਗਸਤ ਵਿੱਚ ਆਮ ਨਾਲੋਂ ਜ਼ਿਆਦਾ ਪਿਆ ਮੀਂਹ

1998 ਤੋਂ ਬਾਅਦ ਇਸ ਸਾਲ ਪੰਜਾਬ ਵਿੱਚ ਮੀਂਹ ਅਤੇ ਹੜ੍ਹਾਂ ਕਾਰਨ ਭਿਆਨਕ ਸਥਿਤੀ ਪੈਦਾ ਹੋ ਗਈ ਹੈ । ਪਠਾਨਕੋਟ, ਗੁਰਦਾਸਪੁਰ, ਫਾਜ਼ਿਲਕਾ, ਕਪੂਰਥਲਾ, ਤਰਨਤਾਰਨ, ਫਿਰੋਜ਼ਪੁਰ, ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ ।

ਪੰਜਾਬ ਵਿੱਚ ਅਗਸਤ ਵਿੱਚ 27 ਸਾਲਾਂ ਵਿੱਚ ਸਭ ਤੋਂ ਵੱਧ ਮੀਂਹ ਪਿਆ ਹੈ । ਅਗਸਤ ਵਿੱਚ 253.7 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜੋ ਕਿ ਲੰਬੇ ਸਮੇਂ ਦੇ ਆਮ 146.2 ਮਿਲੀਮੀਟਰ ਨਾਲੋਂ 74 ਫ਼ੀਸਦੀ ਵੱਧ ਹੈ ।

ਦੱਸਿਆ ਜਾ ਰਿਹਾ ਹੈ ਕਿ 1988 ਵਿੱਚ ਸਿਰਫ਼ ਚਾਰ ਦਿਨਾਂ ਵਿੱਚ ਮਤਲਬ 22-26 ਸਤੰਬਰ ਨੂੰ ਭਾਖੜਾ ਨੇੜਲੇ ਇਲਾਕੇ ਵਿੱਚ 634 ਮਿਲੀਅਨ ਮੀਂਹ ਪਿਆ । ਡੈਮਾਂ ਵਿੱਚ ਛੱਡੇ ਗਏ ਪਾਣੀ ਕਾਰਨ ਦਰਿਆਵਾਂ ਦੇ ਬੰਨ੍ਹ ਟੁੱਟ ਗਏ । ਇਸ ਸਮੇਂ ਦੌਰਾਨ ਕੁੱਲ 12,989 ਪਿੰਡਾਂ ਵਿੱਚੋਂ ਲਗਭਗ 9,000 ਹੜ੍ਹਾਂ ਦੀ ਲਪੇਟ ਵਿੱਚ ਆ ਗਏ ਅਤੇ 3,500 ਤੋਂ ਵੱਧ ਪਿੰਡ ਪੂਰੀ ਤਰ੍ਹਾਂ ਡੁੱਬ ਗਏ ਜਾਂ ਰੁੜ੍ਹ ਗਏ । 34 ਲੱਖ ਲੋਕ ਇਸ ਤੋਂ ਪ੍ਰਭਾਵਤ ਹੋਏ, ਲਗਭਗ 1,500 ਲੋਕਾਂ ਦੀ ਮੌਤ ਹੋ ਗਈ ਅਤੇ 500 ਲਾਪਤਾ ਹੋ ਗਏ ।

ਸੂਬੇ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਨਾਲ ਨਜਿੱਠਣ ਲਈ ਜਿੱਥੇ ਅਮੀਰ ਲੋਕ ਅਤੇ ਪ੍ਰਵਾਸੀ ਭਾਰਤੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ ਹਨ, ਉੱਥੇ ਹੀ ਦੂਜੇ ਪਾਸੇ ਸਰਕਾਰ ਨੇ ਕੇਂਦਰ ਕੋਲੋਂ ਆਪਣੇ ਹਿੱਸੇ ਦੇ ਬਕਾਇਆ ਫੰਡਾਂ ਦੇ ਨਾਲ-ਨਾਲ ਨੁਕਸਾਨ ਦੀ ਪੂਰਤੀ ਲਈ ਆਰਥਿਕ ਮਦਦ ਦੀ ਵੀ ਅਪੀਲ ਕੀਤੀ ਹੈ ।

### ਮੁਰੰਮਤ ਕਾਰਜਾਂ ਲਈ ਬਚਿਆ ਸੀ ਘੱਟ ਸਮਾਂ

ਭਾਰਤੀ ਮੌਸਮ ਵਿਭਾਗ (ਆਈ. ਐਮ. ਡੀ.) ਪੂਨੇ ਦੁਆਰਾ ਛਾਪੀ ਗਈ ਇੱਕ ਰਿਪੋਰਟ ਦੇ ਅਨੁਸਾਰ 1988 ਵਿੱਚ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਤੇ ਅਸਾਮ, ਅਰੁਣਾਚਲ ਪ੍ਰਦੇਸ਼ ਅਤੇ ਬਿਹਾਰ ਆਦਿ ਵਿੱਚ ਆਏ ਹੜ੍ਹ ਉਸ ਸਾਲ ਦੀਆਂ 4 ਸਭ ਤੋਂ ਵਿਨਾਸ਼ਕਾਰੀ ਮੌਸਮੀ ਘਟਨਾਵਾਂ ਵਿੱਚ ਇੱਕ ਸਨ ।

ਇਸ ਤੋਂ ਇਲਾਵਾ ਪੱਛਮੀ ਬੰਗਾਲ ਵਿੱਚ ਇੱਕ ਚੱਕਰਵਾਤੀ ਤੂਫ਼ਾਨ ਆਇਆ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਭਿਆਨਕ ਗਰਮੀ ਪਈ ਅਤੇ ਜੰਮੂ ਅਤੇ ਕਸ਼ਮੀਰ ਵਿੱਚ ਭਾਰੀ ਬਰਫ਼ਬਾਰੀ ਵੀ ਹੋਈ । 22 ਜੂਨ ਨੂੰ ਦੱਖਣ-ਪੱਛਮੀ ਮਾਨਸੂਨ ਸੂਬੇ ਵਿੱਚ ਆਇਆ । ਸਰਕਾਰ ਨੇ 23 ਜ਼ਿਲ੍ਹਿਆਂ ਵਿੱਚ 2,800 ਕਿਲੋਮੀਟਰ ਵਿੱਚ ਬੰਨ੍ਹਾਂ ਦੀ ਮੁਰੰਮਤ ਅਤੇ ਨਾਲਿਆਂ ਦੀ ਸਫ਼ਾਈ ਲਈ 117 ਕਰੋੜ ਰੁਪਏ ਜਾਰੀ ਕੀਤੇ ਪਰ ਮਾਹਿਰਾਂ ਦਾ ਕਹਿਣਾ ਹੈ ਕਿ ਆਫ਼ਤ ਤੋਂ ਪਹਿਲਾਂ ਬਚਾਅ ਕਾਰਜ ਕਰਨ ਲਈ 30 ਜੂਨ ਦੀ ਮਿਆਦ ਬਹੁਤ ਘੱਟ ਸੀ ।

### 1901 ਤੋਂ ਬਾਅਦ 13ਵਾਂ ਸਭ ਤੋਂ ਵੱਧ ਮੀਂਹ

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਣੇ ਉੱਤਰ-ਪੱਛਮੀ ਭਾਰਤ ਵਿੱਚ ਅਗਸਤ ਵਿੱਚ 265 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜੋ ਕਿ 2001 ਤੋਂ ਬਾਅਦ ਇਸ ਇਲਾਕੇ ਵਿੱਚ ਸਭ ਤੋਂ ਵੱਧ ਹੈ ਅਤੇ 1901 ਤੋ ਬਾਅਦ 13ਵਾਂ ਸਭ ਤੋਂ ਵੱਧ ਹੈ । ਪੰਜਾਬ ਵਿੱਚ 1 ਜੂਨ ਤੋਂ 30 ਅਗਸਤ ਦੇ ਵਿਚਕਾਰ 443 ਮਿਲੀਮੀਟਰ ਮੀਂਹ ਪਿਆ, ਜੋ ਕਿ ਪੂਰੇ ਮਾਨਸੂਨ ਸੀਜ਼ਨ ਦੀ ਔਸਤ ਨਾਲੋਂ ਪਹਿਲਾਂ ਹੀ ਵੱਧ ਹੈ । ਸਭ ਤੋਂ ਵੱਧ ਮੌਤਾਂ ਪਠਾਨਕੋਟ ਵਿੱਚ ਹੋਈਆਂ ਹਨ ।

ਜਿਨ੍ਹਾਂ ਹੋਰ ਜ਼ਿਲ੍ਹਿਆਂ ਵਿੱਚ ਮੌਤਾਂ ਹੋਈਆਂ ਹਨ, ਉਨ੍ਹਾਂ ਵਿੱਚ ਅੰਮ੍ਰਿਤਸਰ, ਬਰਨਾਲਾ, ਹੁਸ਼ਿਆਰਪੁਰ, ਲੁਧਿਆਣਾ, ਮਾਨਸਾ, ਰੂਪਨਗਰ, ਬਠਿੰਡਾ, ਗੁਰਦਾਸਪੁਰ, ਪਟਿਆਲਾ ਅਤੇ ਸੰਗਰੂਰ ਸ਼ਾਮਲ ਹਨ । 1 ਅਗਸਤ ਤੋਂ ਸ਼ੁਰੂ ਹੋਣ ਵਾਲੇ ਇਸ ਮਹੀਨੇ ਦੀ ਮਿਆਦ ਵਿੱਚੋਂ ਘੱਟੋ-ਘੱਟ 12 ਜ਼ਿਲ੍ਹਿਆਂ ਵਿੱਚ ਲਗਭਗ 2.56 ਲੱਖ ਲੋਕ ਪ੍ਰਭਾਵਿਤ ਹੋਏ ਹਨ । ਇਕੱਲੇ ਫਿਰੋਜ਼ਪੁਰ ਵਿੱਚ 107 ਪਿੰਡਾਂ ਵਿੱਚ ਲਗਭਗ 45,000 ਲੋਕ ਪ੍ਰਭਾਵਿਤ ਹੋਏ ਹਨ ।

### ਦਰਿਆਵਾਂ ਅਤੇ ਨਹਿਰਾਂ ਦਾ ਕਹਿਰ

ਹਿਮਾਚਲ ਪ੍ਰਦੇਸ਼ ਵਿੱਚ ਪਏ ਮੀਂਹ ਕਾਰਨ ਸਤਲੁਜ, ਬਿਆਸ ਅਤੇ ਰਾਵੀ ਵਿੱਚ ਹੜ੍ਹ ਆ ਗਏ । ਇਨ੍ਹਾਂ ਦਰਿਆਵਾਂ ਦੇ ਬੰਨ੍ਹ ਟੁੱਟ ਗਏ ਅਤੇ ਨੇੜਲੇ ਪਿੰਡਾਂ ਅਤੇ ਖੇਤਾਂ ਵਿੱਚ ਪਾਣੀ ਭਰ ਗਿਆ । ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ. ਬੀ. ਐਮ. ਬੀ.) ਨੂੰ ਭਾਖੜਾ ਅਤੇ ਪੌਂਗ ਡੈਮਾਂ ਵਿੱਚੋਂ ਪਾਣੀ ਛੱਡਣਾ ਪਿਆ, ਜਿਸ ਕਾਰਨ ਹੇਠਲੇ ਇਲਾਕਿਆਂ ਵਿੱਚ ਪਾਣੀ ਭਰ ਗਿਆ ।

ਕਮਜ਼ੋਰ ਹੋ ਰਿਹਾ ਬੁਨਿਆਦੀ ਢਾਂਚਾ, ਰੋਪੜ ਯਾਨੀ ਰੂਪਨਗਰ ਵਿੱਚ ਕਈ ਥਾਵਾਂ 'ਤੇ ਸਿੰਚਾਈ ਨਹਿਰਾਂ ਅਤੇ ਬੰਨ੍ਹਾਂ ਵਿੱਚ ਵੱਡੇ ਪਾੜ ਹੋ ਗਏ । ਨਹਿਰਾਂ ਟੁੱਟਣ ਕਾਰਨ ਇਲਾਕੇ ਦੇ 50 ਤੋਂ ਵੱਧ ਪਿੰਡਾਂ ਲਈ ਖ਼ਤਰਾ ਪੈਦਾ ਹੋ ਗਿਆ । ਕੁਝ ਇਲਾਕਿਆਂ ਵਿੱਚ ਰੇਤ ਦੀਆਂ ਬੋਰੀਆਂ ਅਤੇ ਐਮਰਜੈਂਸੀ ਇੰਜੀਨੀਅਰਿੰਗ ਉਪਾਅ ਬਹੁਤ ਦੇਰ ਨਾਲ ਕੀਤੇ ਗਏ । ਪੁਰਾਣੀਆਂ ਜਾਂ ਮਾੜੇ ਰੱਖ-ਰਖਾਅ ਵਾਲੀਆਂ ਹੜ੍ਹ ਕੰਟਰੋਲ ਪ੍ਰਣਾਲੀਆਂ ਦਬਾਅ ਹੇਠ ਅਸਫਲ ਹੋ ਗਈਆਂ, ਜਿਸ ਕਾਰਨ ਹੜ੍ਹਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ।



### ਸ਼ਹਿਰੀਕਰਨ ਅਤੇ ਡ੍ਰੇਨੇਜ ਸਿਸਟਮ

ਪੰਜਾਬ ਦੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਤੇਜ਼ੀ ਨਾਲ ਸ਼ਹਿਰੀ ਵਿਸਥਾਰ ਨੇ ਕੁਦਰਤੀ ਪਾਣੀ ਸੋਖਣ ਵਾਲੇ ਇਲਾਕਿਆਂ ਨੂੰ ਘਟਾ ਦਿੱਤਾ ਹੈ, ਜਿਸ ਨਾਲ ਡ੍ਰੇਨੇਜ ਪ੍ਰਣਾਲੀਆਂ ਵਿੱਚ ਵੀ ਵਿਘਨ ਪੈ ਗਿਆ ਹੈ । ਸ਼ਹਿਰੀ ਇਲਾਕਿਆਂ ਵਿੱਚ ਖ਼ਰਾਬ ਰੱਖ-ਰਖਾਅ ਜਾਂ ਪਾਣੀ ਦੇ ਨਿਕਾਸੀ ਨਾਲਿਆਂ ਅਤੇ ਸੀਵਰੇਜ ਪ੍ਰਣਾਲੀਆਂ ਦੇ ਕਾਰਨ ਮੀਂਹ ਰੁਕਣ ਤੋਂ ਬਾਅਦ ਵੀ ਪਾਣੀ ਭਰ ਗਿਆ ਅਤੇ ਨਿਕਾਸੀ ਵਿੱਚ ਦੇਰੀ ਹੋਈ । ਲੁਧਿਆਣਾ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਗੰਭੀਰ ਸਥਿਤੀ ਦੇਖਣ ਨੂੰ ਮਿਲੀ ।

### ਜਲਵਾਯੂ ਪਰਿਵਰਤਨ

ਮੌਸਮ ਵਿਗਿਆਨੀ ਅਤੇ ਵਾਤਾਵਰਣ ਮਾਹਿਰ ਮੀਂਹ ਦੀ ਵੱਧਦੀ ਤੀਬਰਤਾ ਲਈ ਜਲਵਾਯੂ ਪਰਿਵਰਤਨ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ । ਗਰਮ ਹਵਾ ਵਿੱਚ ਜ਼ਿਆਦਾ ਨਮੀ ਮੋਹਲੇਦਾਰ ਮੀਂਹ ਦਾ ਕਾਰਨ ਬਣਦੀ ਹੈ ਅਤੇ ਮਾਨਸੂਨ ਦਾ ਕਹਿਰ ਘੱਟ ਸਮੇਂ ਤੱਕ ਪਰ ਵਧੇਰੇ ਤੀਬਰ ਹੁੰਦਾ ਹੈ ।

**ਇਨ੍ਹਾਂ ਜ਼ਿਲਿਆਂ ਵਿੱਚ ਮੀਂਹ ਆਮ ਨਾਲੋਂ ਵੱਧ**

| | | |
|---|---|---|
| ਪਠਾਨਕੋਟ | 944.2 ਮਿਲੀਲੀਟਰ | 152% |
| ਗੁਰਦਾਸਪੁਰ | 577.5 ਮਿਲੀਲੀਟਰ | 181% |
| ਹੁਸ਼ਿਆਰਪੁਰ | 360.6 ਮਿਲੀਲੀਟਰ | 74% |
| ਅੰਮ੍ਰਿਤਸਰ | 226.8 ਮਿਲੀਲੀਟਰ | 40% |
| ਫਿਰੋਜ਼ਪੁਰ | 170.6 ਮਿਲੀਲੀਟਰ | 129% |
| ਫਾਜਿਲਕਾ | 146.8 ਮਿਲੀਲੀਟਰ | 115% |
| ਤਰਨਤਾਰਨ | 208 ਮਿਲੀਲੀਟਰ | 139% |

ਸਰੋਤ : ਇਲੈਕਟ੍ਰਾਨਿਕ ਮੀਡੀਆ

### 1400 ਤੋਂ ਵੱਧ ਪਿੰਡ ਡੁੱਬ ਗਏ

ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਮੋਹਲੇਧਾਰ ਮੀਂਹ ਕਾਰਨ ਸਤਲੁਜ, ਬਿਆਸ ਅਤੇ ਰਾਵੀ ਦਰਿਆ ਅਤੇ ਮੌਸਮੀ ਛੋਟੀਆਂ ਨਦੀਆਂ ਤਬਾਹੀ ਮਚਾ ਰਹੀਆਂ ਹਨ । ਹੜ੍ਹਾਂ ਕਾਰਨ 1400 ਤੋਂ ਵੱਧ ਪਿੰਡ ਡੁੱਬ ਗਏ ਹਨ ਅਤੇ 4 ਲੱਖ ਏਕੜ ਤੋਂ ਵੱਧ ਇਲਾਕੇ ਵਿੱਚ ਝੋਨਾ ਅਤੇ ਹੋਰ ਫ਼ਸਲਾਂ ਹੜ੍ਹਾਂ ਕਾਰਨ ਤਬਾਹ ਹੋ ਗਈਆਂ ਹਨ ।

### ਪੰਜਾਬ ਵਿੱਚ ਆਏ ਹੜ੍ਹਾਂ ਦੇ ਕੀ ਹਨ ਮੁੱਖ ਕਾਰਨ

2025 ਵਿੱਚ ਪੰਜਾਬ ਵਿੱਚ ਹੜ੍ਹ ਕੁਦਰਤੀ ਅਤੇ ਮਨੁੱਖ ਵੱਲੋਂ ਕੀਤੀਆਂ ਗਈਆਂ ਕਈ ਗਲਤੀਆਂ ਕਾਰਨ ਆਏ ਸਨ, ਜਿਨ੍ਹਾਂ ਵਿੱਚ ਰਿਕਾਰਡ ਤੋੜ ਮੀਂਹ, ਕਈ ਇਲਾਕਿਆਂ ਵਿੱਚ ਦਰਿਆਵਾਂ ਦਾ ਪਾਣੀ ਭਰਨਾ, ਮਾੜੀ ਨਿਕਾਸੀ ਅਤੇ ਬੁਨਿਆਦੀ ਢਾਂਚੇ ਦੀ ਅਸਫਲਤਾ ਸ਼ਾਮਲ ਹੈ ।

### ਅਸਾਧਾਰਨ ਮਾਨਸੂਨੀ ਮੀਂਹ

ਅਗਸਤ 2025 ਦੇ ਅਖੀਰ ਵਿੱਚ ਪੰਜਾਬ ਵਿੱਚ ਅਸਾਧਾਰਨ ਤੌਰ 'ਤੇ ਮੋਹਲੇਧਾਰ ਮੀਂਹ ਪਿਆ । ਮੀਂਹ ਦਾ ਪੱਧਰ ਔਸਤ ਨਾਲੋਂ ਕਿਤੇ ਵੱਧ ਸੀ, ਕੁਝ ਜ਼ਿਲ੍ਹਿਆਂ ਵਿੱਚ ਕੁੱਝ ਦਿਨਾਂ ਵਿੱਚ ਕਈ ਸੌ ਮਿਲੀਮੀਟਰ ਮੀਂਹ ਪਿਆ । ਇਸ ਮੀਂਹ ਨੇ ਕੁਦਰਤੀ ਅਤੇ ਨਕਲੀ ਜਲ-ਭੰਡਾਰ ਪ੍ਰਣਾਲੀਆਂ (ਨਦੀਆਂ, ਨਹਿਰਾਂ, ਜਲ ਭੰਡਾਰ ਆਦਿ) ਨੂੰ ਪ੍ਰਭਾਵਿਤ ਕੀਤਾ ।

**ਉਦਾਹਰਣ** : ਪਠਾਨਕੋਟ, ਹੁਸ਼ਿਆਰਪੁਰ ਅਤੇ ਰੂਪਨਗਰ ਵਿੱਚ ਲਗਾਤਾਰ ਮੋਹਲੇਧਾਰ ਮੀਂਹ ਪਿਆ, ਜਿਸ ਕਾਰਨ ਅਚਾਨਕ ਹੜ੍ਹ ਆਏ ਅਤੇ ਦਰਿਆਵਾਂ ਦੇ ਬੰਨ੍ਹਾਂ ਵਿੱਚ ਪਾੜ ਪੈ ਗਏ ।

# ਕੌਣ ਫੜੂ ਬਾਂਹ : ਕਿਸਾਨੀ ਨੂੰ ਕਰਜ਼ੇ ਵਿੱਚ ਵਿੰਨ੍ਹ ਦੇਣਗੇ ਹੜ੍ਹ !

ਭਿਆਨਕ ਹੜ੍ਹਾਂ ਦੀ ਤਬਾਹੀ ਪੰਜਾਬ ਦੇ ਕਿਸਾਨਾਂ 'ਤੇ ਖੇਤੀ ਕਰਜ਼ੇ ਦਾ ਬੋਝ ਵਧਾਏਗੀ । ਜਿਨ੍ਹਾਂ ਕਿਸਾਨਾਂ ਦੀ ਫ਼ਸਲ ਰੁੜ੍ਹ ਗਈ ਅਤੇ ਜੋ ਘਰੋਂ ਬੇਘਰ ਹੋ ਗਏ, ਉਨ੍ਹਾਂ ਲਈ ਨਵੀਂ ਫ਼ਸਲ ਦੇ ਪ੍ਰਬੰਧ ਕਰਨੇ ਹੁਣ ਸੌਖੇ ਨਹੀਂ ਰਹੇ । ਕੋਈ ਸ਼ਾਹੂਕਾਰਾਂ ਤੋਂ ਆਸ ਲਾਏਗਾ ਅਤੇ ਕੋਈ ਸਰਕਾਰਾਂ ਤੋਂ । ਪੰਜਾਬ ਦੇ ਖੇਤੀ ਅਰਥਚਾਰੇ ਨੂੰ 'ਕਰਜ਼ਾ ਤੇ ਖ਼ੁਦਕੁਸ਼ੀ' ਪਹਿਲਾਂ ਹੀ ਲੀਹੋਂ ਲਾਹ ਚੁੱਕਿਆ ਹੈ । ਕਿੰਤ ਦੀਆਂ ਆਫ਼ਤਾਂ ਨੇ ਨਰਮਾ ਪੱਟੀ ਦੇ ਕਿਸਾਨਾਂ ਦੇ ਘਰਾਂ ਵਿੱਚ ਸੱਥਰ ਤੱਕ ਵਿਛਾ ਦਿੱਤੇ ਹਨ । ਮੌਜੂਦਾ ਸਮੇਂ ਵਿੱਚ ਹੜ੍ਹਾਂ ਦੀ ਮਾਰ ਤੋਂ ਉੱਭਰਨ ਲਈ ਕਿਸਾਨ ਕਰਜ਼ਾ ਮੁਆਫ਼ੀ ਦੇ ਰਾਹ ਦੇਖ ਰਹੇ ਹਨ । ਪੰਜਾਬ ਦੇ ਫ਼ੈਸਲਿਆਂ ਨਾਲ ਕਿਸਾਨਾਂ ਨੂੰ ਥੋੜ੍ਹੀ ਢਾਰਸ ਤਾਂ ਮਿਲੇਗੀ, ਪਰੰਤੂ ਇਹ ਮਰਜ਼ ਦਾ ਪੱਕਾ ਇਲਾਜ ਨਹੀਂ ਹੈ । ਪੰਜਾਬ ਸਟੇਟ ਬੈਂਕਰਜ਼ ਕਮੇਟੀ ਦੀ ਤਾਜ਼ਾ ਰਿਪੋਰਟ ਹੈ ਕਿ 30 ਜੂਨ, 2025 ਤੱਕ ਸੂਬੇ ਦੇ ਕਿਸਾਨਾਂ ਸਿਰ 96,867 ਕਰੋੜ ਦਾ ਕਰਜ਼ਾ ਖੜ੍ਹਾ ਹੈ, ਜਿਨ੍ਹਾਂ ਦੇ ਵੱਖ-ਵੱਖ ਬੈਂਕਾਂ ਵਿੱਚ 35.76 ਲੱਖ ਬੈਂਕ ਖਾਤੇ ਹਨ । ਸ਼ਾਹੂਕਾਰਾਂ ਦਾ ਕਰਜ਼ਾ ਇਸ ਤੋਂ ਵੱਖਰਾ ਹੈ । ਜਦੋਂ ਕੇਂਦਰ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਾਲ 2014 ਵਿੱਚ ਸਰਕਾਰ ਬਣੀ ਸੀ ਤਾਂ ਉਸ ਵਕਤ ਪੰਜਾਬ ਦੇ ਕਿਸਾਨਾਂ ਸਿਰ ਇਕੱਲੇ ਬੈਂਕਾਂ ਦਾ 57,892 ਕਰੋੜ ਦਾ ਕਰਜ਼ਾ ਸੀ । ਲੰਘੇ 11 ਸਾਲਾਂ ਵਿੱਚ ਇਹ ਕਰਜ਼ਾ ਵੱਧ ਕੇ ਹੁਣ 96,867 ਕਰੋੜ ਹੋ ਗਿਆ ਹੈ । ਇੱਕ ਅੰਦਾਜ਼ੇ ਮੁਤਾਬਿਕ ਔਸਤਨ ਇੱਕ ਘੰਟੇ ਵਿੱਚ ਕਿਸਾਨਾਂ ਸਿਰ 40.41 ਲੱਖ ਰੁਪਏ ਦਾ ਕਰਜ਼ਾ ਚੜ੍ਹ ਰਿਹਾ ਹੈ । ਕੇਂਦਰੀ ਖੇਤੀ ਮੰਤਰਾਲੇ ਅਨੁਸਾਰ ਪੰਜਾਬ ਦੇ ਕਿਸਾਨਾਂ ਵੱਲ 31 ਮਾਰਚ, 2025 ਨੂੰ 1.04 ਲੱਖ ਕਰੋੜ ਦਾ ਕਰਜ਼ਾ ਬਕਾਇਆ ਸੀ । ਪੰਜਾਬ ਸਰਕਾਰ ਨੇ ਸੂਬੇ ਵਿੱਚ ਹੜ੍ਹਾਂ ਨਾਲ 4.59 ਲੱਖ ਏਕੜ ਰਕਬਾ ਪ੍ਰਭਾਵਿਤ ਦੱਸਿਆ ਹੈ, ਜਿਸ ਕਰਕੇ 3125 ਕਰੋੜ ਰੁਪਏ ਦਾ ਫ਼ਸਲੀ ਨੁਕਸਾਨ ਦੱਸਿਆ ਹੈ । ਕਰੀਬ 30 ਹਜ਼ਾਰ ਏਕੜ ਨਰਮੇ ਦੀ ਫ਼ਸਲ ਪ੍ਰਭਾਵਿਤ ਹੋਈ ਹੈ । ਸੂਬੇ ਵਿੱਚ 3.70 ਲੱਖ ਏਕੜ ਝੋਨਾ, 29 ਹਜ਼ਾਰ ਏਕੜ ਗੰਨਾ ਅਤੇ 7430 ਏਕੜ ਮੱਕੀ ਦੀ ਫ਼ਸਲ ਤਬਾਹ ਹੋਈ ਹੈ । ਕਿਸਾਨਾਂ ਸਿਰ 2400 ਕਰੋੜ ਰੁਪਏ ਇਕੱਲੇ ਖੇਤੀ ਵਿਕਾਸ ਬੈਂਕਾਂ ਦੇ ਹਨ ਅਤੇ ਇਸ ਬੈਂਕ ਦੇ 45 ਹਜ਼ਾਰ ਕਿਸਾਨ ਪਹਿਲਾਂ ਹੀ ਡਿਫਾਲਟਰ ਹਨ । ਖੇਤੀ ਵਿਕਾਸ ਬੈਂਕਾਂ ਨੇ ਪਹਿਲੀ ਅਕਤੂਬਰ ਤੋਂ ਮੌਜੂਦਾ ਕਿਸ਼ਤ ਦੇ 250 ਕਰੋੜ ਰੁਪਏ ਦੀ ਵਸੂਲੀ ਸ਼ੁਰੂ ਕਰਨੀ ਸੀ, ਜਿਸ ਨੂੰ ਹੁਣ ਪੰਜਾਬ ਸਰਕਾਰ ਨੇ ਛੇ ਮਹੀਨੇ ਲਈ ਮੁਲਤਵੀ ਕਰ ਦਿੱਤਾ ਹੈ । ਕੇਂਦਰੀ ਸਹਿਕਾਰੀ ਬੈਂਕ ਵੱਲੋਂ ਵੀ ਪਹਿਲੀ ਅਕਤੂਬਰ ਤੋਂ 7800 ਕਰੋੜ ਦੇ ਫ਼ਸਲੀ ਕਰਜ਼ੇ ਦੀ ਵਸੂਲੀ ਲਈ ਮੁਹਿੰਮ ਸ਼ੁਰੂ ਕੀਤੀ ਜਾਣੀ ਸੀ । ਸਹਿਕਾਰੀ ਬੈਂਕ ਦਾ ਇਸ ਤੋਂ ਵੱਖਰਾ 940 ਕਰੋੜ ਦਾ ਕਰਜ਼ਾ ਆਰ. ਸੀ. ਸੀ. ਲਿਮਟ ਦਾ ਹੈ । ਕੇਂਦਰੀ ਸਹਿਕਾਰੀ ਬੈਂਕ ਨੇ 10.64 ਲੱਖ ਕਿਸਾਨਾਂ ਨੂੰ ਕਰਜ਼ਾ ਦਿੱਤਾ ਹੋਇਆ ਹੈ । ਜਿਸ ਵਿੱਚੋਂ ਰੈਗੂਲਰ ਕਿਸ਼ਤ ਤਾਰਨ ਵਾਲੇ 7.80 ਲੱਖ ਕਿਸਾਨ ਹੀ ਹਨ । ਪੰਜਾਬ ਸਰਕਾਰ ਵੱਲੋਂ ਹੁਣ ਕਰਜ਼ੇ ਦੀ ਇੱਕ ਕਿਸ਼ਤ ਛੇ ਮਹੀਨੇ ਲਈ ਮੁਲਤਵੀ ਕੀਤੇ ਜਾਣ ਨਾਲ ਸਹਿਕਾਰੀ ਬੈਂਕਾਂ ਨੂੰ 175 ਕਰੋੜ ਦੀ ਮਿਲਣ ਵਾਲੇ ਵਿਆਜ ਰਾਸ਼ੀ ਛੇ ਮਹੀਨੇ ਲਈ ਪੱਛੜ ਜਾਵੇਗੀ । ਸਹਿਕਾਰੀ ਬੈਂਕਾਂ ਨੂੰ ਖੇਤੀ ਕਰਜ਼ੇ ਤੋਂ ਸਾਲਾਨਾ 350 ਕਰੋੜ ਰੁਪਏ ਵਿਆਜ ਮਿਲਦਾ ਹੈ । 'ਆਪ' ਸਰਕਾਰ ਨੇ ਮਾਰਚ-ਅਪ੍ਰੈਲ 2022 ਵਿੱਚ ਵੀ ਗੜੇਮਾਰੀ ਅਤੇ ਝੱਖੜ ਨਾਲ ਹੋਏ ਨੁਕਸਾਨ ਕਰਕੇ ਕਿਸਾਨਾਂ ਦੇ ਕਰਜ਼ੇ ਦੀ ਇੱਕ ਕਿਸ਼ਤ ਮੁਲਤਵੀ ਕਰ ਦਿੱਤੀ ਸੀ । ਬੀ. ਕੇ. ਯੂ. (ਲੱਖੋਵਾਲ) ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਕਿਸਾਨਾਂ ਨੂੰ ਪ੍ਰਤੀ ਏਕੜ ਪਿੱਛੇ ਇੱਕ ਲੱਖ ਦਾ ਮੁਆਵਜ਼ਾ ਦੇਣ ਅਤੇ ਮਜ਼ਦੂਰਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਣੀ ਚਾਹੀਦੀ ਹੈ । ਉਨ੍ਹਾਂ ਕਿਹਾ ਕਿ ਕਿਸ਼ਤ ਮੁਲਤਵੀ ਨਹੀਂ, ਸਗੋਂ ਘੱਟੋ-ਘੱਟ ਵਿਆਜ ਮੁਆਫ਼ੀ ਹੋਣੀ ਚਾਹੀਦੀ ਹੈ ।

**ਕਿਸਾਨਾਂ 'ਤੇ ਹਰ ਘੰਟੇ ਵਿੱਚ 40 ਲੱਖ ਦਾ ਚੜ੍ਹ ਰਿਹੈ ਕਰਜ਼ਾ**

**ਖੇਤੀ ਕਰਜ਼ੇ 'ਤੇ ਇੱਕ ਝਾਤ**

| | |
|---|---|
| ਫ਼ਸਲੀ ਕਰਜ਼ਾ | 61,254 ਕਰੋੜ |
| ਲੰਬੇ ਸਮੇਂ ਦਾ ਕਰਜ਼ਾ | 20,868 ਕਰੋੜ |
| ਖੇਤੀ ਕਰਜ਼ (ਬੁਨਿਆਦੀ ਢਾਂਚਾ) | 1805 ਕਰੋੜ |
| ਸਹਾਇਕ ਖੇਤੀ ਕਰਜ਼ੇ | 12939 ਕਰੋੜ |

# ਪੀ.ਏ.ਯੂ. ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਖੇਤੀਬਾੜੀ ਸਲਾਹ ਅਤੇ ਅਚਨਚੇਤੀ ਫ਼ਸਲ ਯੋਜਨਾਬੰਦੀ

## (ੳ) ਖੇਤੀ ਸਲਾਹ/ਖੇਤੀ ਮਾਹਿਰਾਂ ਦੇ ਨਾਂ ਅਤੇ ਸੰਪਰਕ

### ਖੇਤਾਂ ਵਿੱਚੋਂ ਪਾਣੀ ਦੀ ਨਿਕਾਸੀ

ਫ਼ਸਲਾਂ ਦੀਆਂ ਜੜ੍ਹਾਂ ਨੂੰ ਹਵਾ ਲੱਗਣ ਲਈ ਵਾਧੂ ਖੜ੍ਹੇ ਪਾਣੀ ਨੂੰ ਖਾਲਾਂ, ਵੱਡੇ ਨਲਿਆਂ ਅਤੇ ਪੰਪਿੰਗ ਸੈੱਟਾਂ ਦੀ ਵਰਤੋਂ ਨਾਲ ਕੱਢਿਆ ਜਾਵੇ ।

★ ਖੁੱਲ੍ਹੇ ਖੇਤ ਵਿੱਚ ਢੁੱਕਵੇਂ ਸਥਾਨਾਂ ਤੇ ਵੱਟਾਂ ਬਣਾਓ ਤਾਂ ਜੋ ਖੇਤ ਵਿੱਚ ਪਾਣੀ ਦਾ ਵਹਾਅ ਆਸਾਨ ਹੋ ਸਕੇ ।

★ ਪਾਣੀ ਦੇ ਆਸਾਨ ਵਹਾਅ ਲਈ ਖੇਤਾਂ ਦੇ ਨਿਕਾਸੀ ਬਿੰਦੂਆਂ ਨੂੰ ਸਾਫ਼ ਕਰੋ ।

**ਜੇ. ਪੀ. ਸਿੰਘ (98728-83963)**

### ਝੋਨਾ ਅਤੇ ਬਾਸਮਤੀ

★ ਜੇਕਰ ਨਾਈਟ੍ਰੋਜਨ ਦੀ ਘਾਟ ਝੋਨੇ ਅਤੇ ਬਾਸਮਤੀ ਦੀ ਫ਼ਸਲ ਵਿੱਚ ਨਜ਼ਰ ਆਵੇ ਤਾਂ 3% ਯੂਰੀਆ ਦੀ ਸਪਰੇਅ ਕਰੋ ।

★ ਝੋਨੇ ਵਿੱਚ ਫੋਕ ਘਟਾਉਣ ਲਈ ਜਦੋਂ ਝੋਨਾ ਗੋਭ ਵਿੱਚ ਹੋਵੇ ਤਾਂ 1.5% ਪੋਟਾਸ਼ੀਅਮ ਨਾਈਟ੍ਰੇਟ (3 ਕਿਲੋ ਪੋਟਾਸ਼ੀਅਮ ਨਾਈਟ੍ਰੇਟ 200 ਲਿਟਰ ਪਾਣੀ ਵਿੱਚ ਪ੍ਰਤੀ ਏਕੜ) ਦਾ ਛਿੜਕਾਅ ਕਰੋ ।

★ ਝੋਨੇ ਦੀ ਫ਼ਸਲ ਵਿੱਚ ਮੌਜੂਦਾ ਮੌਸਮ ਨਾਲ ਝੂਠੀ ਕਾਂਗਿਆਰੀ ਵੱਧ ਸਕਦੀ ਹੈ । ਇਸ ਦੀ ਰੋਕਥਾਮ 500 ਗ੍ਰਾਮ ਕੋਸਾਈਡ 46 ਡੀ ਐਫ ਦੀ ਪਹਿਲੀ ਸਪਰੇਅ ਜਦੋਂ ਝੋਨਾ ਗੋਭ ਵਿੱਚ ਹੋਵੇ ਅਤੇ ਦੂਜੀ ਸਪਰੇਅ, 400 ਮਿਲੀਲਿਟਰ ਗਲੀਲਿਓ ਵੇਅ 18.76 ਐਸ ਸੀ 10-15 ਦਿਨਾਂ ਬਾਅਦ 200 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

★ ਜਿੰਕ (ਗਨ) ਦੀ ਘਾਟ ਆਉਣ ਤੇ 0.5% ਜ਼ਿੰਕ ਸਲਫੇਟ (21%) ਦੇ ਲਗਾਤਾਰ ਛਿੜਕਾਅ ਕਰੋ ।

**ਜੇ ਐਸ ਲੋਰੇ (62841-08737)**
**ਬੂਟਾ ਸਿੰਘ (81461-00360)**

### ਮੱਕੀ

★ ਮੱਕੀ ਦੀ ਫ਼ਸਲ ਨੂੰ ਖੜ੍ਹੇ ਪਾਣੀ ਤੋਂ ਬਚਾਉਣ ਲਈ ਖੇਤ ਦੇ ਨੀਵੇਂ ਪਾਸੇ ਵੱਲ ਇੱਕ ਲੋੜੀਂਦੀ ਨਿਕਾਸ ਨਾਲੀ ਬਣਾ ਲਓ, ਜਿਸ ਰਾਹੀਂ ਵਾਧੂ ਪਾਣੀ ਬਾਹਰ ਕੱਢਿਆ ਜਾ ਸਕੇ ।

★ ਜੇਕਰ ਜ਼ਿਆਦਾ ਪਾਣੀ ਨਾਲ ਨੁਕਸਾਨ ਹੋ ਜਾਵੇ ਤਾਂ 6 ਕਿਲੋ ਯੂਰੀਆ 200 ਲਿਟਰ ਪਾਣੀ (3 ਪ੍ਰਤੀਸ਼ਤ) ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਹਫ਼ਤੇ ਦੇ ਵਕਫ਼ੇ ਤੇ ਦੋ ਵਾਰ ਛਿੜਕਾਅ ਕਰੋ । ਜੇਕਰ ਨੁਕਸਾਨ ਦਰਮਿਆਨੇ ਤੋਂ ਭਾਰੀ ਹੋ ਜਾਵੇ ਤਾਂ ਫ਼ਸਲ ਵਿੱਚੋਂ ਪਾਣੀ ਕੱਢਣ ਮਗਰੋਂ 12-24 ਕਿਲੋ ਨਾਈਟ੍ਰੋਜਨ (25-50 ਕਿਲੋ ਯੂਰੀਆ) ਪ੍ਰਤੀ ਏਕੜ ਹੋਰ ਪਾਓ ।

★ ਜ਼ਿਆਦਾ ਮੀਂਹ ਅਤੇ ਪਾਣੀ ਦਾ ਖੜ੍ਹਨਾ ਟਾਂਡੇ ਗਲਣ ਦੀ ਬਿਮਾਰੀ ਨੂੰ ਵੀ ਵਧਾਉਂਦਾ ਹੈ, ਇਸ ਲਈ ਪਾਣੀ ਦਾ ਨਿਕਾਸ ਠੀਕ ਰੱਖੋ । ਖੇਤ ਦੇ ਲਗਾਤਾਰ ਸਰਵੇਖਣ ਕਰਨ ਦੀ ਲੋੜ ਹੈ, ਜਦੋਂ ਵੀ ਇਹ ਬਿਮਾਰੀ 1-2 ਬੂਟਿਆਂ ਤੇ ਨਜ਼ਰ ਆਵੇ ਤਾਂ ਪੌਦਿਆਂ ਦੇ ਮੁੱਢਾਂ ਨੂੰ ਨਸ਼ਟ ਕਰ ਦਿਓ ।

**ਐਸ ਕੇ ਸੰਧੂ (81462-38432)**
**ਜਵਾਲਾ ਜਿੰਦਲ (99884-01521)**

### ਮੂੰਗਫਲੀ ਅਤੇ ਤਿਲ

★ ਮੂੰਗਫਲੀ ਅਤੇ ਤਿਲਾਂ ਦੀ ਫ਼ਸਲ ਦੀਆਂ ਜੜ੍ਹਾਂ ਵਿੱਚ ਖੜ੍ਹਾ ਪਾਣੀ ਕੱਢ ਦਿਓ । ਭਾਰੀ ਬਾਰਿਸ਼ ਕਰਕੇ ਪੀਲੇਪਨ ਦੀ ਸਮੱਸਿਆ ਤੋਂ ਪ੍ਰਭਾਵਿਤ ਫ਼ਸਲਾਂ ਨੂੰ ਯੂਰੀਏ ਦੀ 2 ਪ੍ਰਤੀਸ਼ਤ ਜਾਂ ਪੋਟਾਸ਼ੀਅਮ ਨਾਈਟ੍ਰੇਟ ਦੀ 1 ਪ੍ਰਤੀਸ਼ਤ ਦਾ ਛਿੜਕਾਅ ਕਰ ਸਕਦੇ ਹਾਂ ।

**ਗੁਰਪ੍ਰੀਤ ਕੌਰ (98149-07951)**
**ਅਮਨਪ੍ਰੀਤ ਕੌਰ (81469-00557)**

### ਚਰੀ ਅਤੇ ਬਾਜਰਾ

★ ਚਰੀ ਅਤੇ ਬਾਜਰਾ ਜੋ ਵੀ ਖੇਤ ਵਿੱਚ ਖੜ੍ਹਾ ਹੈ ਉਸ ਤੇ ਕੋਈ ਬਿਮਾਰੀ ਜਾਂ ਕੀੜੇ ਦੇ ਹਮਲੇ ਦਾ ਡਰ ਨਹੀਂ । ਪਰ ਜੇ ਫ਼ਸਲ ਪੀਲੀ ਪੈਂਦੀ ਹੈ ਤਾਂ 300 ਗ੍ਰਾਮ ਯੂਰੀਆ ਪ੍ਰਤੀ ਢੋਲੀ (3 ਪ੍ਰਤੀਸ਼ਤ) ਦਾ ਛਿੜਕਾਅ ਕਰ ਸਕਦੇ ਹਾਂ ।

**ਆਰ ਐਸ ਸੋਹੂ (98767-43898)**
**ਦਵਿੰਦਰ ਪਾਲ (98763-75167)**

### ਨਰਮਾ-ਕਪਾਹ

★ ਪੈਰਾਵਿਲਟ ਦੀਆਂ ਮੁੱਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ ਇਹਨਾਂ ਬੂਟਿਆਂ ਉਪਰ ਕੋਬਾਲਟ ਕਲੋਰਾਈਡ 10 ਮਿਲੀ ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ ।

★ ਪੋਟਾਸ਼ੀਅਮ ਨਾਈਟਰੇਟ (13:0:45) ਦੇ 2 ਪ੍ਰਤੀਸ਼ਤ ਘੋਲ ਦੇ ਇੱਕ ਹਫ਼ਤੇ ਤੇ 4 ਛਿੜਕਾਅ ਕਰੋ ।

★ ਗੁਲਾਬੀ ਸੁੰਡੀ ਦੇ ਲਈ ਖੇਤਾਂ ਦਾ ਲਗਾਤਾਰ ਮੁਆਇਨਾ ਕਰਦੇ ਰਹੋ । ਜੇ ਨੁਕਸਾਨ 5 ਪ੍ਰਤੀਸ਼ਤ ਤੋਂ ਵੱਧ ਹੋਵੇ ਤਾਂ ਕੀਟਨਾਸ਼ਕਾਂ ਦੀ ਵਰਤੋਂ ਕਰੋ ।

★ ਇਸੇ ਤਰ੍ਹਾਂ ਚਿੱਟੀ ਮੱਖੀ ਅਤੇ ਹਰੇ ਤੇਲੇ ਦੇ ਲਈ ਲਗਾਤਾਰ ਮੁਆਇਨਾ ਕਰਦੇ ਰਹੋ । 15 ਸਤੰਬਰ ਤੋਂ ਪਹਿਲਾਂ ਸਿੰਥੈਟਿਕ ਪਰਿਥਰਾਇਡ ਦੀ ਵਰਤੋਂ ਨਾ ਕਰੋ ।

★ ਪੱਤਿਆਂ ਦੇ ਉੱਲੀਆਂ ਦੇ ਧੱਬਿਆਂ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ 200 ਮਿਲੀਲਿਟਰ ਐਮੀਸਟਾਰ ਟੌਪ 325 ਐਸਸੀ (ਐਜ਼ੋਕਸੀਸਟਰੋਬਿਨ + ਡਾਈਫੈਨੋਕੋਨਾਜ਼ੋਲ) 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਲੋੜ ਪੈਣ ਤੇ 15-20 ਦਿਨਾਂ ਦੇ ਵਕਫ਼ੇ ਤੇ ਇਹ ਛਿੜਕਾਅ ਦੁਹਰਾਓ ।

★ ਨਰਮੇ ਵਿੱਚ ਪੱਤਿਆਂ ਦੀ ਲਾਲੀ ਦੀ ਰੋਕਥਾਮ ਲਈ 1 ਪ੍ਰਤੀਸ਼ਤ ਮੈਗਨੀਸ਼ੀਅਮ ਸਲਫੇਟ ਦੇ ਦੋ ਸਪਰੇਅ 15 ਦਿਨਾਂ ਦੇ ਵਕਫ਼ੇ ਤੇ ਫੁੱਲ ਡੋਡੀ ਪੈਣ ਅਤੇ ਟੀਂਡੇ ਬਣਨ ਵੇਲੇ ਕਰੋ ।

**ਕੁਲਬੀਰ ਸਿੰਘ (94177-83052)**
**ਵਿਜੈ ਕੁਮਾਰ (97794-51214)**
**ਸਤਨਾਮ ਸਿੰਘ (98769-62774)**

### ਕਮਾਦ/ਗੰਨਾ

ਹੜ੍ਹਾਂ ਦਾ ਪਾਣੀ ਘੱਟ ਜਾਣ ਤੋਂ ਬਾਅਦ, ਜੇ ਰੱਤਾ ਰੋਗ ਨਹੀਂ ਤਾਂ ਨਾਈਟ੍ਰੋਜਨ ਤੱਤ ਦੀ ਵਰਤੋਂ ਕਰ ਸਕਦੇ ਹਾਂ ।

**ਗੁਲਜ਼ਾਰ ਸਿੰਘ (98722-04523)**

### ਸਬਜ਼ੀਆਂ

★ ਜਿੱਥੇ ਕਿਤੇ ਵੀ ਸੰਭਵ ਹੋਵੇ ਪਾਣੀ ਦਾ ਨਿਕਾਸ ਕਰ ਦਿੱਤਾ ਜਾਵੇ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਨੂੰ ਆਉਣ ਵਾਲੀਆਂ ਬਿਮਾਰੀਆਂ ਜਾਂ ਕੀੜਿਆਂ ਉੱਪਰ ਸਿਫਾਰਸ਼ ਕੀਤੀਆਂ ਸਪਰੇਆਂ ਦਾ ਛਿੜਕਾਅ ਲੋੜ ਅਨੁਸਾਰ ਕੀਤਾ ਜਾਵੇ ।

**ਸੱਤਪਾਲ ਸ਼ਰਮਾ (99157-31974)**

### ਬਾਗਬਾਨੀ

★ ਫਲਾਂ ਦੇ ਬੂਟਿਆਂ ਨੂੰ ਹੋਏ ਨੁਕਸਾਨ ਦੀ ਜਾਂਚ ਕਰੋ । ਜੜ੍ਹਾਂ ਦਾ ਉੱਖੜਨਾ, ਟਾਹਣੀਆਂ ਦਾ ਟੁੱਟਣਾ, ਤਣੇ ਦਾ ਝੁਕਣਾ ਜਾਂ ਜ਼ਿਆਦਾ ਮਿੱਟੀ/ਗਾਰਾ ਇਕੱਠਾ ਹੋਵੇ ਤਾਂ ਧਿਆਨ ਰੱਖੋ ।

★ ਬੂਟਿਆਂ ਦੇ ਆਲੇ-ਦੁਆਲੇ ਇਕੱਠਾ ਹੋਇਆ ਮਲਬਾ, ਗਾਰਾ ਜਾਂ ਕੂੜਾ ਹਟਾਓ । ਇਸ ਨਾਲ ਬਿਮਾਰੀਆਂ ਅਤੇ ਕੀੜਿਆਂ ਤੋਂ ਬਚਾਅ ਹੋਵੇਗਾ ।

★ ਟੁੱਟੀਆਂ, ਨੁਕਸਾਨੀਆਂ ਜਾਂ ਫਸੀਆਂ ਟਾਹਣੀਆਂ ਕੱਟੋ ਤਾਂ ਜੋ ਬਿਮਾਰੀ ਨਾ ਫੈਲੇ । ਸਿਹਤਮੰਦ ਟਾਹਣੀਆਂ ਦੀ ਭਾਰੀ ਕਟਾਈ ਤੋਂ ਬਚੋ ਕਿਉਂਕਿ ਇਸ ਨਾਲ ਬੂਟਾ ਹੋਰ ਤਣਾਅ ਵਿੱਚ ਆ ਸਕਦਾ ਹੈ ।

★ ਜੋ ਫਲਾਂ ਦੇ ਬੂਟਿਆਂ ਦੇ ਆਲੇ-ਦੁਆਲੇ ਦੀ ਮਿੱਟੀ ਹੜ੍ਹ ਕਾਰਨ ਜਲ-ਥਲ ਜਾਂ ਸਖ਼ਤ ਹੋ ਜਾਵੇ ਤਾਂ ਨਿਕਾਸੀ ਨੂੰ ਮੁੜ ਠੀਕ ਕਰਨਾ ਬਹੁਤ ਜ਼ਰੂਰੀ ਹੈ । ਪਾਣੀ ਨੂੰ ਤੇਜ਼ੀ ਨਾਲ ਬਾਹਰ ਕੱਢਣ ਲਈ ਨਿਕਾਸੀ ਦੇ ਰਾਹ ਬਣਾਓ ।

★ ਜੇ ਜੜ੍ਹਾਂ ਦਾ ਖੇਤਰ ਲੰਮੇ ਸਮੇਂ ਤੱਕ ਪਾਣੀ ਨਾਲ ਭਰਿਆ ਰਹੇ ਤਾਂ ਨਿੰਬੂ ਜਾਤੀ ਦੇ ਹੋਰ ਫ਼ਲਦਾਰ ਬੂਟੇ ਜੜ੍ਹਾਂ ਦੇ ਸੜਨ ਅਤੇ ਹੋਰ ਸਮੱਸਿਆਵਾਂ ਨਾਲ ਪੀੜਤ ਹੋ ਸਕਦੇ ਹਨ ।

★ ਹੜ੍ਹ ਦਾ ਪਾਣੀ ਮਿੱਟੀ ਵਿੱਚੋਂ ਪੋਸ਼ਕ ਤੱਤ ਲੈ ਜਾਂਦਾ ਹੈ । ਇਸ ਲਈ ਨਾਈਟ੍ਰੋਜਨ ਅਤੇ ਪੋਟੀਸ਼ੀਅਮ ਖਾਦਾਂ (ਸਿਫਾਰਸ਼ੀ ਮਾਤਰਾ ਤੋਂ 10-15% ਵੱਧ) ਦੇਣ ਬਾਰੇ ਵਿਚਾਰ ਕਰੋ । ਇਸ ਨਾਲ ਜ਼ਰੂਰੀ ਪੋਸ਼ਕ ਤੱਤ ਮੁੜ ਪੂਰੇ ਹੋਣਗੇ ਅਤੇ ਬੂਟਿਆਂ ਦੀ ਸੁਧਾਰ ਪ੍ਰਕਿਰਿਆ ਵਿੱਚ ਮਦਦ ਮਿਲੇਗੀ ।

★ ਹੜ੍ਹ ਨਾਲ ਪ੍ਰਭਾਵਿਤ ਫਲਾਂ ਦੇ ਬੂਟੇ ਕੀੜਿਆਂ ਅਤੇ ਬਿਮਾਰੀਆਂ ਲਈ ਹੋਰ ਜ਼ਿਆਦਾ ਸੰਵੇਦਨਸ਼ੀਲ ਹੋ ਸਕਦੇ ਹਨ । ਰੁੱਖਾਂ ਨੂੰ ਧਿਆਨ ਨਾਲ ਵੇਖਦੇ ਰਹੋ ਕਿ ਕੋਈ ਤਣਾਅ ਦੇ ਲੱਛਣ, ਅਸਧਾਰਨ ਕੀੜੇ ਜਾਂ ਬਿਮਾਰੀ ਦੇ ਨਿਸ਼ਾਨ ਤਾਂ ਨਹੀਂ ਹਨ । ਉੱਲੀ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਇੱਕ ਛਿੜਕਾਅ ਬੋਰਡੋ ਮਿਸ਼ਰਣ (2:2:250) ਜਾਂ ਕਾਪਰਆਕਸੀਕਲੋਰਾਈਡ (ਪਾਣੀ ਦੇ ਪ੍ਰਤੀ ਲੀਟਰ 3 ਗ੍ਰਾਮ) ਦਾ ਕਰੋ ।

★ ਹੜ੍ਹ ਕਾਰਨ ਬਿਮਾਰੀਆਂ ਜਿਵੇਂ ਕਿ ਕਿੰਨੂ ਦੇ ਫ਼ਲ ਦਾ ਝੜ੍ਹਨਾ, ਅਮਰੂਦ ਵਿੱਚ ਐਂਥ੍ਰੈਕਨੋਜ਼ ਅਤੇ ਕਿੰਨੂ, ਨਾਸ਼ਪਤੀ ਅਤੇ ਪਪੀਤੇ ਵਿੱਚ ਜੜ੍ਹਾਂ ਦੇ ਸੜਨ ਦੀ ਸੰਭਾਵਨਾ ਹੁੰਦੀ ਹੈ । ਇਸੇ ਤਰ੍ਹਾਂ, ਕਿੰਨੂ, ਅਮਰੂਦ ਅਤੇ ਨਾਸ਼ਪਤੀ ਵਿੱਚ ਫਲ-ਮੱਖੀ, ਨਿੰਬੂ ਜਾਤੀ ਦਾ ਸੁਰੰਗੀ ਕੀੜਾ, ਆਦਿ ਵੀ ਵੱਧ ਸਕਦੇ ਹਨ । ਇਨ੍ਹਾਂ ਬਿਮਾਰੀਆਂ ਅਤੇ ਕੀੜਿਆਂ ਨੂੰ 'ਫ਼ਲਾਂ ਦੀ ਕਾਸ਼ਤ ਲਈ ਸਿਫ਼ਾਰਸ਼ਾਂ' ਕਿਤਾਬ ਵਿੱਚ ਦਿੱਤੀਆਂ ਸਿਫਾਰਿਸ਼ਾਂ ਦੇ ਨਾਲ ਕਾਬੂ ਕੀਤਾ ਜਾ ਸਕਦਾ ਹੈ ।

**ਐਚ ਐਸ ਰਤਨਪਾਲ (79997-77773)**

### ਖੁਰਾਕੀ ਤੱਤਾਂ ਦਾ ਪ੍ਰਬੰਧਨ

★ **ਨਾਈਟ੍ਰੋਜਨ ਪ੍ਰਬੰਧਨ** : ਹੜ੍ਹਾਂ ਤੋਂ ਬਾਅਦ, ਨਾਈਟ੍ਰੋਜਨ ਤੱਤ ਦੀ ਘਾਟ ਕਰਕੇ ਫ਼ਸਲਾਂ ਅਕਸਰ ਪੀਲੀਆਂ ਪੈ ਜਾਂਦੀਆਂ ਹਨ । ਜਿਵੇਂ ਹੀ ਹੜ੍ਹਾਂ ਦਾ ਪਾਣੀ ਘੱਟ ਜਾਵੇ, ਫ਼ਸਲ ਦੀ ਸਥਿਤੀ ਠੀਕ ਹੋਣ ਤੱਕ 2% ਯੂਰੀਆ (100 ਲੀਟਰ ਪਾਣੀ ਵਿੱਚ 2 ਕਿੱਲੋ ਯੂਰੀਆ) ਦਾ ਪੱਤਿਆਂ ਤੇ ਛਿੜਕਾਅ ਕਰਨਾ ਚਾਹੀਦਾ ਹੈ । ਦੂਜੇ ਪਾਸੇ, ਹੜ੍ਹਾਂ ਕਰਕੇ ਫਾਸਫੋਰਸ ਅਤੇ ਪੋਟਾਸ਼ੀਅਮ ਤੱਤਾਂ ਦੀ ਘਾਟ ਇੰਨੀ ਜਲਦੀ ਨਹੀਂ ਆਉਂਦੀ ।

★ **ਜ਼ਿੰਕ ਦੀ ਘਾਟ** : ਹੜ੍ਹਾਂ ਤੋਂ ਬਾਅਦ, ਜ਼ਿੰਕ ਦੀ ਘਾਟ ਅਕਸਰ ਖਾਰੀ ਅਤੇ ਜਲੋੜੀ ਮਿੱਟੀ ਵਿੱਚ ਦਿਖਾਈ ਦਿੰਦੀ ਹੈ । ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਆਉਣ ਤੇ 0.5% ਜ਼ਿੰਕ ਸਲਫੇਟ (21%) ਜਾਂ 0.39% ਜ਼ਿੰਕ ਸਲਫੇਟ (33%) ਦੇ ਛਿੜਕਾਅ ਕਰੋ ।

★ **ਮਿੱਟੀ ਪਲਟਣਾ** : ਹੜ੍ਹਾਂ ਤੋਂ ਬਾਅਦ, ਮਿੱਟੀ ਦੀ ਸਤਹਿ ਸਖ਼ਤ ਹੋ ਜਾਂਦੀ ਹੈ ਜਿਸ ਕਰਕੇ ਪਾਣੀ ਜੀਰਦਾ ਨਹੀਂ, ਜੜ੍ਹ ਵਿੱਚ ਵਾਧਾ ਨਹੀਂ ਹੁੰਦਾ ਅਤੇ ਮਿੱਟੀ ਵਿੱਚ ਹਵਾ ਦੀ ਕਮੀ ਹੋ ਜਾਂਦੀ ਹੈ । ਮਿੱਟੀ ਦੀ ਸਖ਼ਤ ਸਤਹਿ ਨੂੰ ਤੋੜਨ ਲਈ ਮਿੱਟੀ ਨੂੰ ਪਲਟਣਾ ਲਾਜ਼ਮੀ ਹੈ ਤਾਂ ਕਿ ਤੱਤਾਂ ਦੀ ਪੂਰਤੀ ਹੋ ਸਕੇ ।

★ **ਜੈਵਿਕ ਖਾਦਾਂ ਦੀ ਵਰਤੋਂ** : ਵਧੀਆ ਗਲੀ ਸੜੀ ਰੂੜੀ ਅਤੇ ਹੋਰ ਜੈਵਿਕ ਖਾਦਾਂ ਨੂੰ ਖੇਤ ਵਿੱਚ ਪਾਓ, ਜਿਸ ਨਾਲ ਮਿੱਟੀ ਦੀ ਸਿਹਤ ਠੀਕ ਹੋਵੇਗੀ ।

**ਗੋਬਿੰਦਰ ਸਿੰਘ (95011-92500)**
**ਵਿੱਕੀ ਸਿੰਘ (98141-00244)**

## (ਅ) ਅਚਨਚੇਤੀ ਫ਼ਸਲ ਯੋਜਨਾਬੰਦੀ

**(Contingency Crop Plan)**

### ਫ਼ਸਲਾਂ

★ ਜੇਕਰ ਸਾਉਣੀ ਦੀ ਫ਼ਸਲ ਬਿਲਕੁਲ ਖਰਾਬ ਹੋ ਗਈ ਹੋਵੇ ਤਾਂ ਤੋਰੀਏ ਦੀ ਕਿਸਮ ਟੀ ਐਲ 17 ਦੀ ਬਿਜਾਈ ਸਤੰਬਰ ਦੇ ਪਹਿਲੇ ਪੰਦਰਵਾੜੇ ਵਿੱਚ ਕੀਤੀ ਜਾ ਸਕਦੀ ਹੈ । ਇਸ ਦਾ ਔਸਤ ਝਾੜ 4-5 ਕੁਇੰਟਲ ਪ੍ਰਤੀ ਏਕੜ ਹੈ ।

**- ਗੁਰਪ੍ਰੀਤ ਕੌਰ (98149-07951)**

★ ਇਸੇ ਤਰ੍ਹਾਂ ਮੱਕੀ, ਬਾਜਰਾ ਅਤੇ ਚਰੀ ਦੀਆਂ ਫ਼ਸਲਾਂ ਚਾਰੇ ਦੇ ਤੌਰ ਤੇ ਉਗਾਈਆਂ ਜਾ ਸਕਦੀਆਂ ਹਨ ।

**- ਆਰ ਐਸ ਸੋਹੂ (98767-43898)**

★ ਚਾਰੇ ਵਾਲੀਆਂ ਫ਼ਸਲਾਂ ਵਿੱਚੋਂ ਬਰਸੀਮ ਅਤੇ ਰਾਈ ਘਾਹ ਨੂੰ ਅਗੇਤਾ ਬੀਜਿਆ ਜਾ ਸਕਦਾ ਹੈ ਕਿਉਂਕਿ ਇਸਦਾ ਸਧਾਰਨ ਬਿਜਾਈ ਦਾ ਸਮਾਂ ਸਤੰਬਰ ਦੇ ਆਖਰੀ ਹਫ਼ਤੇ ਤੋਂ ਸ਼ੁਰੂ ਹੁੰਦਾ ਹੈ ।

**- ਆਰ ਐਸ ਸੋਹੂ (98767-43898)**

### ਸਬਜ਼ੀਆਂ

ਅੱਧ ਸਤੰਬਰ ਤੋਂ ਆਖਰੀ ਸਤੰਬਰ ਤੱਕ ਲੱਗਣ ਵਾਲੀਆਂ ਸਬਜ਼ੀਆਂ ਹੇਠ ਲਿਖੀਆਂ ਹਨ :

★ **ਗੋਭੀ** : ਅੱਧ ਸਤੰਬਰ ਤੋਂ ਅਖੀਰ ਸਤੰਬਰ ਤੱਕ ਗੋਭੀ ਦੀ ਮੁੱਖ ਸੀਜ਼ਨ ਦੀ ਕਿਸਮ ਪੰਜਾਬ ਮਘਰੀ ਨੂੰ ਬੀਜਿਆ ਜਾ ਸਕਦਾ ਹੈ ।

**ਵਿਵੇਕ ਪਾਂਡੇ (94531-06920)**

★ **ਬਰੋਕਲੀ** : ਬਰੋਕਲੀ ਦੀ ਕਿਸਮ ਪੰਜਾਬ ਬਰੋਕਲੀ 1 ਅਤੇ ਪਾਲਮ ਸਮਰਿੱਧੀ ਨੂੰ ਵੀ ਅੱਧ ਸਤੰਬਰ ਤੋਂ ਅਖੀਰ ਸਤੰਬਰ ਤੱਕ ਬੀਜਿਆ ਜਾ ਸਕਦਾ ਹੈ ।

**ਰੂਮਾ ਦੇਵੀ (98783-99555)**

★ **ਮਟਰ** : ਅਗੇਤੇ ਮਟਰਾਂ ਦੀ ਕਿਸਮ ਮਟਰ ਅਗੇਤਾ 7 ਨੂੰ ਵੀ ਅਖੀਰ ਸਤੰਬਰ ਵਿੱਚ ਬੀਜਿਆ ਜਾ ਸਕਦਾ ਹੈ ।

**ਰਜਿੰਦਰ ਕੁਮਾਰ ਢੱਲ (82838-40078)**

★ **ਆਲੂ** : ਅਗੇਤੇ ਆਲੂ ਦੀਆਂ ਕਿਸਮਾਂ ਜਿਵੇਂ ਕਿ ਕੁਫਰੀ ਸੂਰੀਆ, ਕੁਫਰੀ ਪੁਖਰਾਜ ਨੂੰ ਅਖੀਰ ਸਤੰਬਰ ਵਿੱਚ ਬੀਜਿਆ ਜਾ ਸਕਦਾ ਹੈ ।

**ਨਵਜੋਤ ਸਿੰਘ ਬਰਾੜ (94666-13412)**

★ **ਜੜ੍ਹਾਂ ਵਾਲੀਆਂ ਸਬਜ਼ੀਆਂ** : ਜੜ੍ਹਾਂ ਵਾਲੀਆਂ ਸਬਜ਼ੀਆਂ ਜਿਵੇਂ ਕਿ ਗਾਜਰ, ਮੂਲੀ, ਸਲਗਮ ਦੀਆਂ ਦੇਸੀ ਕਿਸਮਾਂ ਨੂੰ ਵੀ ਸਤੰਬਰ ਵਿੱਚ ਬੀਜਿਆ ਜਾ ਸਕਦਾ ਹੈ ।

**ਰੂਮਾ ਦੇਵੀ (98783-99555)**

★ **ਪੱਤੇ ਵਾਲੀਆਂ ਸਬਜ਼ੀਆਂ** : ਪੱਤੇ ਵਾਲੀਆਂ ਸਬਜ਼ੀਆਂ ਜਿਵੇਂ ਕਿ ਪਾਲਕ ਨੂੰ ਵੀ ਸਤੰਬਰ ਦੇ ਵਿੱਚ ਬਿਜਾਈ ਕਰਕੇ ਇਸ ਦਾ ਵਧੀਆ ਉਤਪਾਦਨ ਕੀਤਾ ਜਾ ਸਕਦਾ ਹੈ ।

**ਹੀਰਾ ਸਿੰਘ (95016-01144)**

# ‘ਜੋ ਖਾਈਏ ਉਹੀ ਉਗਾਈਏ’

## ਆਤਮ ਨਿਰਭਰ ਖੇਤੀ ਲਈ ਸੁਨੇਹਾ

ਪ੍ਰਿਤਪਾਲ ਸਿੰਘ, ਨਵਨੀਤ ਕੌਰ ਅਤੇ ਗੁਰਮੀਤ ਸਿੰਘ ਢਿੱਲੋਂ, ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ (ਮੋ. 97800-16480)

**ਸਿਰਫ਼ ਥੋੜ੍ਹੀ ਜਿਹੀ ਮਿਹਨਤ ਅਤੇ ਉਪਰਾਲੇ ਸਦਕਾ ਅਤੇ ਖੇਤ ਦੇ ਇੱਕ ਛੋਟੇ ਹਿੱਸੇ ਵਿੱਚ ਘਰੇਲੂ ਬਗੀਚੀ ਦੇ ਰੂਪ ਵਿੱਚ ਕਿਸਾਨ ਆਪਣੇ ਪਰਿਵਾਰ ਲਈ ਸਬਜ਼ੀਆਂ, ਫ਼ਲ, ਤੇਲ ਬੀਜ ਅਤੇ ਪ੍ਰੋਟੀਨ ਭਰਪੂਰ ਦਾਲਾਂ ਉਗਾ ਕੇ ਆਪਣੀਆਂ ਪਰਿਵਾਰਕ ਲੋੜਾਂ ਪੂਰੀਆਂ ਕਰ ਸਕਦੇ ਹਨ । ਇਹ ਨਾ ਸਿਰਫ਼ ਸੰਭਵ ਹੈ, ਸਗੋਂ ਬਹੁਤ ਹੀ ਅਸਾਨ ਹੈ । ਜਿਸ ਨਾਲ ਪੈਸੇ ਦੀ ਬਚਤ ਹੁੰਦੀ ਹੈ ਅਤੇ ਸਿਹਤ ਤੰਦਰੁਸਤ ਰਹਿੰਦੀ ਹੈ ।**

### ਘਰੇਲੂ ਬਗੀਚੀ ਵਿੱਚ ਸਬਜ਼ੀਆਂ ਦੀ ਕਾਸ਼ਤ

ਘਰੇਲੂ ਬਗੀਚੀ ਘਰਾਂ ਦੇ ਅੱਗੇ ਜਾਂ ਪਿੱਛੇ ਪਈ ਖਾਲੀ ਥਾਂ, ਖੇਤਾਂ ਅਤੇ ਛੱਤਾਂ (ਸਿਰਫ਼ ਗਰਮੀਆਂ ਜਾਂ ਲੱਕੜੀ ਦੇ ਬਕਸਿਆਂ) ਤੇ ਬਣਾਈ ਜਾ ਸਕਦੀ ਹੈ । ਸਰਦ ਰੁੱਤ ਦੌਰਾਨ ਘਰੇਲੂ ਬਗੀਚੀ ਵਿੱਚ ਲਸਣ, ਮਟਰ, ਜੜ੍ਹਾਂ ਵਾਲੀਆਂ ਸਬਜ਼ੀਆਂ, ਗੋਭੀ ਜਾਤੀ ਦੀਆਂ ਸਬਜ਼ੀਆਂ, ਪੱਤਿਆਂ ਵਾਲੀਆਂ ਸਬਜ਼ੀਆਂ, ਆਲੂ, ਪਿਆਜ਼ ਅਤੇ ਚੁਕੰਦਰ ਆਦਿ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਫੁੱਲ ਗੋਭੀ, ਮੂਲੀ, ਪਾਲਕ ਅਤੇ ਧਨੀਆ ਦੀ ਬਿਜਾਈ ਅਗਸਤ ਮਹੀਨੇ ਵਿੱਚ ਕੀਤੀ ਜਾ ਸਕਦੀ ਹੈ । ਜਦੋਂ ਕਿ ਮਟਰ ਅਤੇ ਆਲੂ ਦੀ ਬਿਜਾਈ ਅਕਤੂਬਰ ਮਹੀਨੇ ਵਿੱਚ ਕਰਨੀ ਚਾਹੀਦੀ ਹੈ। ਪਿਆਜ਼ ਦੀ ਲਵਾਈ ਅੱਧ ਦਸੰਬਰ ਤੋਂ ਅੱਧ ਜਨਵਰੀ ਤੱਕ ਕਰੋ। ਬੰਦ ਗੋਭੀ, ਬਰੋਕਲੀ, ਗੰਢ ਗੋਭੀ, ਗਾਜਰਾਂ, ਸ਼ਲਗਮ, ਮੇਥੀ, ਮੇਥਰੇ, ਚੀਨੀ ਸਰ੍ਹੋਂ, ਚੁਕੰਦਰ ਆਦਿ ਦੀ ਬਿਜਾਈ ਅੱਧ ਸਤੰਬਰ ਤੋਂ ਅੱਧ ਅਕਤੂਬਰ ਤੱਕ ਕਰੋ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਰਦ ਰੁੱਤ ਦੀਆਂ ਸਬਜ਼ੀਆਂ ਤੇ ਬੀਜਾਂ ਦੀ ਕਿੱਟ ਅਗਸਤ ਮਹੀਨੇ ਦੇ ਸ਼ੁਰੂ ਤੋਂ ਪੀ. ਏ. ਯੂ. ਕੈਂਪਸ, ਵੱਖ-ਵੱਖ ਕ੍ਰਿਸ਼ੀ ਵਿਗਿਆਨ ਕੇਂਦਰਾਂ, ਫ਼ਾਰਮ ਸਲਾਹਕਾਰ ਸੇਵਾ ਕੇਂਦਰਾਂ ਤੇ ਮੁਹੱਈਆ ਕਰਵਾਈ ਜਾਂਦੀ ਹੈ ।



### ਫ਼ਲਾਂ ਦੀ ਕਾਸ਼ਤ

ਸਬਜ਼ੀਆਂ ਦੇ ਨਾਲ-ਨਾਲ, ਫ਼ਲਦਾਰ ਪੌਦਿਆਂ ਨੂੰ ਖੇਤਾਂ ਵਿੱਚ ਲਾਇਆ ਜਾ ਸਕਦਾ ਹੈ। ਫ਼ਲਦਾਰ ਬੂਟੇ ਲਗਭਗ 2 ਤੋਂ 4 ਸਾਲ ਬਾਅਦ ਫ਼ਲ ਦੇਣ ਲੱਗ ਜਾਂਦੇ ਹਨ, ਇਸ ਲਈ ਬਗੀਚੀ ਵਿੱਚ ਫ਼ਲਾਂ ਦੀ ਕਿਸਮ ਅਤੇ ਵਿਉਂਤਬੰਦੀ ਵੱਲ ਖ਼ਾਸ ਧਿਆਨ ਦੇਣ ਦੀ ਜ਼ਰੂਰਤ ਹੈ । ਅੰਬ, ਲੀਚੀ, ਚੀਕੂ ਅਤੇ ਜਾਮਣ ਵਰਗੇ ਉਚੇ ਅਤੇ ਵੱਡੇ ਦਰੱਖਤਾਂ ਨੂੰ ਬਾਗ ਦੇ ਉੱਤਰੀ ਪਾਸੇ ਲਗਾਉਣਾ ਚਾਹੀਦਾ ਹੈ ਤਾਂ ਜੋ ਇਹਨਾਂ ਦਾ ਛੋਟੇ ਆਕਾਰ ਦੇ ਬੂਟਿਆਂ ਤੇ ਪ੍ਰਭਾਵ ਨੂੰ ਬਚਾਇਆ ਜਾ ਸਕੇ । ਇਸੇ ਤਰ੍ਹਾਂ ਬਾਗ ਦੇ ਕੇਂਦਰੀ ਹਿੱਸੇ ਵਿੱਚ ਅਮਰੂਦ ਅਤੇ ਨਿੰਬੂ ਜਾਤੀ ਦੇ ਦਰਮਿਆਨੇ ਆਕਾਰ ਦੇ ਬੂਟੇ ਲਾਏ ਜਾ ਸਕਦੇ ਹਨ। ਸਦਾਬਹਾਰ ਫ਼ਲਦਾਰ ਬੂਟਿਆਂ ਨੂੰ ਫਰਵਰੀ-ਮਾਰਚ ਅਤੇ ਅਗਸਤ-ਸਤੰਬਰ ਵਿੱਚ ਲਾਇਆ ਜਾ ਸਕਦਾ ਹੈ, ਜਦਕਿ ਪੱਤਝੜੀ ਫ਼ਲਦਾਰ ਬੂਟੇ (ਜਿਵੇਂ ਕਿ ਨਾਸ਼ਪਤੀ, ਆੜੂ, ਆਲੂਚਾ ਅਤੇ ਅੰਗੂਰ) ਨੂੰ ਜਨਵਰੀ-ਫਰਵਰੀ ਵਿੱਚ ਲਾਇਆ ਜਾ ਸਕਦਾ ਹੈ । ਖੇਤ ਦੇ ਦੱਖਣੀ-ਪੂਰਬੀ ਦਿਸ਼ਾ ਵੱਲ ਪੱਤਝੜੀ ਫ਼ਲਦਾਰ ਬੂਟਿਆਂ ਨੂੰ ਲਾਇਆ ਜਾ ਸਕਦਾ ਹੈ। ਦੱਖਣੀ ਹੱਦ ਦੇ ਨੇੜੇ ਪਪੀਤਾ ਅਤੇ ਕੇਲੇ ਵਰਗੇ ਪੌਦਿਆਂ ਨੂੰ ਦੱਖਣ ਵਾਲੇ ਪਾਸੇ ਲਾਉਣਾ ਚਾਹੀਦਾ ਹੈ, ਕਿਉਂਕਿ ਇਹ ਠੰਢ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਸਰਦੀਆਂ ਦੇ ਮਹੀਨਿਆਂ ਵਿੱਚ ਇਹਨਾਂ ਨੂੰ ਸੁਰੱਖਿਆ ਦੀ ਲੋੜ ਹੁੰਦੀ ਹੈ। ਕਰੌਂਦਾ ਅਤੇ ਫਾਲਸੇ ਵਰਗੇ ਕਠੋਰ ਝਾੜੀਦਾਰ ਪੌਦਿਆਂ ਨੂੰ ਪੱਛਮੀ ਹੱਦ ਲਈ ਉਚਿਤ ਸਮਝਿਆ ਜਾਂਦਾ ਹੈ, ਜਦਕਿ ਮਿੱਠਾ, ਨਿੰਬੂ ਉੱਤਰੀ ਹੱਦ ਤੇ ਸਫ਼ਲਤਾਪੂਰਵਕ ਲਗਾਏ ਜਾ ਸਕਦੇ ਹਨ ।

### ਤੇਲ ਬੀਜ ਫ਼ਸਲਾਂ ਦੀ ਕਾਸ਼ਤ

ਸਰਦੀ ਦੇ ਮੌਸਮ ਦੌਰਾਨ ਰਵਾਇਤੀ ਤੇਲ ਬੀਜ ਫ਼ਸਲਾਂ ਜਿਵੇਂ ਕਿ ਗੋਭੀ ਸਰ੍ਹੋਂ, ਰਾਇਆ (ਸਰ੍ਹੋਂ) ਅਲਸੀ ਆਦਿ ਨੂੰ ਘਰੇਲੂ ਵਰਤੋਂ ਲਈ ਘੱਟ ਰਕਬੇ ’ਤੇ ਉਗਾ ਕੇ ਇਹਨਾਂ ਦੀ ਲੋੜ ਨੂੰ ਪੂਰਾ ਕੀਤਾ ਜਾ ਸਕਦਾ ਹੈ । ਪੀ.ਏ.ਯੂ. ਨੇ ਅਜਿਹੀਆਂ ਤੇਲ ਬੀਜ ਅਤੇ ਦਾਲਾਂ ਦੀਆਂ ਕਿਸਮਾਂ ਵਿਕਸਿਤ ਕੀਤੀਆਂ ਹਨ, ਜੋ ਘਰੇਲੂ ਖਪਤ ਲਈ ਪੈਦਾਵਾਰ ਲਈ ਬਹੁਤ ਲਾਹੇਵੰਦ ਹਨ। ਕੈਨੋਲਾ ਕਿਸਤ ਦਾ ਤੇਲ ਸਰ੍ਹੋਂ ਦੀ ਕਿਸਮ ਜੀ.ਐੱਸ.ਸੀ.-7 ਅਤੇ ਆਰ.ਐੱਲ.ਸੀ.-3 ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਸ ਵਿੱਚ 2% ਤੋਂ ਘੱਟ ਇਰੂਸਿਕ ਐਸਿਡ ਅਤੇ ਘੱਟ ਗਲੂਕੋਸਿਨੋਲੇਟ ਹੁੰਦੇ ਹਨ, ਜਿਹੜਾ ਕਿ ਮਨੁੱਖੀ ਸਿਹਤ ਲਈ ਬਹੁਤ ਲਾਹੇਵੰਦ ਸਮਝਿਆ ਜਾਂਦਾ ਹੈ। ਪੀ.ਏ.ਯੂ. ਦੀ ਮਿਨੀ ਕਿੱਟ ਵਿੱਚ 200 ਗ੍ਰਾਮ ਐੱਲ ਸੀ-2063 ਕਿਸਮ ਦੇ ਅਲਸੀ ਦਾ ਬੀਜ ਵੀ ਹੁੰਦਾ ਹੈ, ਜੋ ਕਿ 2 ਮਰਲੇ ਖੇਤਰ ਵਿੱਚ ਬੀਜਿਆ ਜਾ ਸਕਦਾ ਹੈ। ਸਾਉਣੀ ਦੀ ਰੁੱਤ ਵਿੱਚ ਘਰੇਲੂ ਖਪਤ ਲਈ ਤਿਲਾਂ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ ।

### ਦਾਲਾਂ ਦੀਆਂ ਫ਼ਸਲਾਂ ਦੀ ਕਾਸ਼ਤ

ਦਾਲਾਂ ਮਨੁੱਖੀ ਆਹਾਰ ਵਿੱਚ ਪ੍ਰੋਟੀਨ ਦਾ ਪ੍ਰਮੁੱਖ ਸਰੋਤ ਹਨ। ਦਾਲਾਂ ਨੂੰ ਕਣਕ-ਝੋਨਾ ਫ਼ਸਲੀ ਚੱਕਰ ਵਿੱਚ ਸ਼ਾਮਿਲ ਕਰਕੇ ਮੁੱਖ ਫ਼ਸਲਾਂ ਨੂੰ ਬਿਨਾਂ ਪ੍ਰਭਾਵਿਤ ਕੀਤਿਆਂ ਦਾਲਾਂ ਨੂੰ ਉਗਾਇਆ ਜਾ ਸਕਦਾ ਹੈ । ਗਰਮੀ ਰੁੱਤ ਦੀ ਮੂੰਗੀ ਦੀ ਫ਼ਸਲ, ਜੋ ਕਿ 60-65 ਦਿਨਾਂ ਵਿੱਚ ਪੱਕਦੀ ਹੈ, ਮਿੱਟੀ ਵਿੱਚ



ਨਾਈਟ੍ਰੋਜਨ ਜਮਾਂ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ । ਮੂੰਗੀ, 4-6 ਕੁਇੰਟਲ ਪ੍ਰਤੀ ਏਕੜ ਝਾੜ ਨਾਲ ਉੱਚ ਪ੍ਰੋਟੀਨ ਵਾਲੀ ਫ਼ਸਲ ਹੈ। ਇਸੇ ਤਰ੍ਹਾਂ ਛੋਲੇ, ਘੱਟ ਪਾਣੀ ਦੀ ਲੋੜ ਵਾਲੀ ਅਤੇ ਉੱਚ ਪ੍ਰੋਟੀਨ ਅਤੇ ਫਾਈਬਰ ਵਾਲੀ ਫ਼ਸਲ ਹੈ, ਜਿਸਨੂੰ ਰੇਤਲੀ, ਚੰਗੀ ਨਿਕਾਸੀ ਵਾਲੀ ਮਿੱਟੀ ਵਿੱਚ ਬੀਜਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਗਰਮ ਰੁੱਤ ਵਿੱਚ ਮਾਂਹ ਅਤੇ ਹਾੜ੍ਹੀ ਦੀ ਰੁੱਤ ਵਿੱਚ ਮਸਰਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ ।

ਪੀ. ਏ. ਯੂ. ਦੀ ਕਿਟ ਵਿੱਚ 450 ਗ੍ਰਾਮ ਦੀ ਛੋਲਿਆਂ ਦੀ ਵਿਸ਼ੇਸ਼ ਕਿਸਮ ਪੀ ਬੀ ਜੀ-8 ਦੇ ਬੀਜ ਹੁੰਦੇ ਹਨ, ਜਿਸ ਨੂੰ ਕਿ 5 ਮਰਲੇ ਰਕਬੇ ਤੇ ਬੀਜਿਆ ਜਾ ਸਕਦਾ ਹੈ । ਇਸ ਤੋਂ ਇਲਾਵਾ, ਇਸ ਮਿੰਨੀ ਕਿੱਟ ਵਿੱਚ 250 ਗ੍ਰਾਮ ਮਸਰ ਦੀ ਕਿਸਮ ਐੱਲ-ਐੱਲ-1373 ਦੇ ਬੀਜ ਹਨ, ਜੋ ਕਿ 2 ਮਰਲੇ ਖੇਤਰ ਵਿੱਚ ਬੀਜੇ ਜਾ ਸਕਦੇ ਹਨ। ਕਿਸਾਨ ਵੀਰ ਆਪਣੇ ਖੇਤ ਵਿੱਚ ਸਬਜ਼ੀਆਂ, ਦਾਲਾਂ, ਫ਼ਲ ਅਤੇ ਤੇਲ ਬੀਜ ਉਗਾ ਕੇ ਬਾਜ਼ਾਰ ਉੱਤੇ ਨਿਰਭਰਤਾ ਨੂੰ ਘੱਟ ਕਰ ਸਕਦੇ ਹਨ, ਜਿਸ ਨਾਲ ਖਰਚਾ ਬਚਦਾ ਹੈ ਅਤੇ ਖਾਦ ਸੁਰੱਖਿਆ ਵਧਦੀ ਹੈ। ਘਰੇਲੂ ਤੌਰ ’ਤੇ ਉਗਾਇਆ ਗਿਆ ਭੋਜਨ ਸਿਰਫ਼ ਤਾਜ਼ਾ ਹੀ ਨਹੀਂ ਹੁੰਦਾ, ਸਗੋਂ ਹਾਨੀਕਾਰਕ ਰਸਾਇਣਾਂ ਤੋਂ ਵੀ ਰਹਿਤ ਹੁੰਦਾ ਹੈ, ਜੋ ਪੂਰੇ ਪਰਿਵਾਰ ਦੀ ਸਿਹਤ ਅਤੇ ਪੋਸ਼ਣ ਨੂੰ ਸੁਧਾਰਦਾ ਹੈ । ਇਸ ਦੇ ਨਾਲ, ਦਾਲਾਂ ਨੂੰ ਫ਼ਸਲੀ ਚੱਕਰ ਵਿੱਚ ਸ਼ਾਮਲ ਕਰਨਾ ਮਿੱਟੀ ਵਿੱਚ ਨਾਈਟ੍ਰੋਜਨ ਅਤੇ ਜੈਵਿਕ ਮਾਦੇ ਵਿੱਚ ਵਧਾ ਕੇ ਮਿੱਟੀ ਦੀ ਗੁਣਵੱਤਾ ਨੂੰ ਸੁਧਾਰਨ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ ।

# ਪ੍ਰਜਣਨ ਵਿਘਨ ਤਕਨੀਕ ਨਾਲ ਨਰਮੇ ਦੀ ਗੁਲਾਬੀ ਸੁੰਡੀ ਦੀ ਰੋਕਥਾਮ

ਗੁਲਾਬੀ ਸੁੰਡੀ ਨੂੰ ਵਿਸ਼ਵ ਭਰ ਵਿੱਚ ਨਰਮੇ-ਕਪਾਹ ਦੇ ਕੀੜੇ ਵਜੋਂ ਜਾਣਿਆ ਜਾਂਦਾ ਹੈ। ਇਹ ਕੀੜਾ ਨਰਮੇ ਦੀ ਫ਼ਸਲ ਦਾ 30-40% ਨੁਕਸਾਨ ਕਰ ਸਕਦਾ ਹੈ। ਰਸਾਇਣ ਕੀਟ ਪ੍ਰਬੰਧਨ ਦਾ ਮੁੱਖ ਹਿੱਸਾ ਹਨ ਪਰ ਗੁਲਾਬੀ ਸੁੰਡੀ ਦੇ ਸੁਭਾਅ ਕਾਰਨ ਨਵੀਂ ਪੀੜ੍ਹੀ ਦੇ ਕੀਟਨਾਸ਼ਕ ਵੀ ਬੇਅਸਰ ਸਿੱਧ ਹੋ ਰਹੇ ਹਨ। ਇਨ੍ਹਾਂ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀੜਿਆਂ ਦੇ ਪ੍ਰਬੰਧਨ ਲਈ ਇੱਕ ਅਜਿਹੀ ਨਵੀਂ ਵਿਧੀ ਨੂੰ ਅਜਮਾਇਆ ਜਾ ਰਿਹਾ ਹੈ, ਜਿਹੜੀ ਕਿ ਕੀਟਾਂ ਦੀ ਗਿਣਤੀ ਨੂੰ ਕਾਬੂ ਕਰਨ ਵਿੱਚ ਕਾਫ਼ੀ ਕਾਰਗਾਰ ਸਿੱਧ ਹੋ ਰਹੀ ਹੈ। ਇਸ ਨੂੰ ਮੇਟਿੰਗ ਡਿਸ਼ਰੱਪਸਨ (ਪ੍ਰਜਣਨ ਵਿਘਣ) ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਵਿਧੀ ਰਾਹੀਂ ਇੱਕ ਵੱਖਰੀ ਕਿਸਮ ਦਾ ਰਸਾਇਣ ਜੋ ਗੁਲਾਬੀ ਸੁੰਡੀ ਦੇ ਮਾਦਾ ਕੀਟ ਦੇ ਰਸਾਇਣ ਨਾਲ ਮੇਲ ਖਾਂਦਾ ਹੈ, ਨੂੰ ਹਵਾ ਵਿੱਚ ਛੱਡਿਆ ਜਾਂਦਾ ਹੈ, ਜਿਹੜਾ ਕਿ ਨਰ ਕੀਟ ਨੂੰ ਉਲਝਣ ਵਿੱਚ ਪਾ ਕੇ ਮਾਦਾ ਕੀਟ ਦੀ ਭਾਲ ਨੂੰ ਮੁਸ਼ਕਿਲ ਬਣਾ ਦਿੰਦਾ ਹੈ, ਜਿਸ ਨਾਲ ਕੀਟਾਂ ਦੀ ਪ੍ਰਜਣਨ ਕਿਰਿਆ ਵਿੱਚ ਵਿਘਣ ਪੈਣ ਕਰਕੇ ਕੀਟਾਂ ਦੀ ਨਵੀਂ ਪੀੜ੍ਹੀ ਦੀ ਸੰਖਿਆ ਵਿੱਚ ਵਾਧਾ ਨਹੀਂ ਹੁੰਦਾ। ਨਰਮੇ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਨੂੰ ਰੋਕਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਇਸ ਵਿਧੀ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਰਸਾਇਣ ਨੂੰ ਅਲੱਗ-ਅਲੱਗ ਰੂਪ ਵਿੱਚ ਜਿਵੇਂ ਕਿ ਪੇਸਟ ਦੇ ਰੂਪ ਵਿੱਚ ਜਾਂ ਤਾਰ ਦੇ ਰੂਪ ਵਿੱਚ ਖੇਤਾਂ ਵਿੱਚ ਵਰਤਿਆ ਜਾਂਦਾ ਹੈ। ਗੁਲਾਬੀ ਸੁੰਡੀ ਦੇ ਫ਼ੀਰੋਮੋਨ ਗੋਸੀਪਲਿਉਰ 4% (4, 11 ਹੈਕਸਾਡੇਕਾਡਾਈਨਾਇਲ) ਦੇ ਪੇਸਟਨੁਮਾ ਆਧਾਰਿਤ ਉਤਪਾਦ ਕਰੈਮਿਟ ਪੀ.ਬੀ. ਡਬਲਯੂ/ਨੈਟਮੇਟ ਪੀ.ਬੀ. ਡਬਲਯੂ ਨੂੰ ਤਿੰਨ ਵਾਰ 125 ਗ੍ਰਾਮ ਪ੍ਰਤੀ ਕਿਲੋ ਡੋਜ਼ ਦੀ ਵਰਤੋਂ ਕਰੋ। ਨਰਮੇ ਦੀ ਫ਼ਸਲ ਪਹਿਲੀ ਵਾਰ ਫੁੱਲ-ਡੋਡੀ ਦੀ ਆਮਦ ’ਤੇ (ਬਿਜਾਈ ਤੋਂ 45-55 ਦਿਨ ਦੇ ਵਕਫ਼ੇ ’ਤੇ) ਇੱਕ ਕਿੱਲੇ ਵਿੱਚ 400 ਬੂਟਿਆਂ ’ਤੇ ਇਕਸਾਰ ਲਗਾਇਆ ਜਾਵੇ। ਦੂਜੀ ਤੇ ਤੀਜੀ ਡੋਜ਼ ਨੂੰ ਇੱਕ-ਇੱਕ ਮਹੀਨੇ ਦੇ ਵਕਫ਼ੇ ’ਤੇਦੁਹਰਾਇਆ ਜਾਵੇ। ਲਗਾਉਣ ਦੀ ਵਿਧੀ ਅਨੁਸਾਰ ਮਟਰ ਦੇ ਦਾਣੇ ਜਿਨ੍ਹਾਂ ’ਤੇ ਪੇਸਟਨੁਮਾ ਫੀਰੋਮੋਨ ਨੂੰ ਬੂਟੇ ਦੇ ਸਿਖ਼ਰ ਤੋਂ ਪੰਜਵੇਂ/ਛੇਵੇਂ ਪੱਤੇ ਅਤੇ ਤਣੇ ਦੇ ਜੋੜ ’ਤੇ ਲਗਾਇਆ ਜਾਵੇ। ਇਸ ਤਕਨੀਕ ਦਾ ਸਰਬੋਤਮ ਲਾਭ ਲੈਣ ਲਈ ਸਹੀ ਸਮੇਂ ’ਤੇ ਵੱਡੇ ਪੱਧਰ ’ਤੇ ਲਗਾਉਣਾ ਜ਼ਰੂਰੀ ਹੈ । ਜੇਕਰ ਲਗਾਉਣ ਤੋਂ 4-5 ਘੰਟਿਆਂ ਅੰਦਰ ਮੀਂਹ ਪੈ ਜਾਂਦਾ ਹੈ ਤਾਂ ਇਸ ਦੀ ਵਰਤੋਂ ਦੁਹਰਾਓ। ਇਸ ਤਕਨੀਕ ਦਾ ਖ਼ਰਚ 3600 ਪ੍ਰਤੀ ਏਕੜ ਹੈ।



ਲੇਬਰ ਚਾਰਜ ਸਮੇਤ ਇਸ ਤਕਨੀਕ ਦਾ ਕੁੱਲ ਖ਼ਰਚ 3850 ਰੁਪਏ ਪ੍ਰਤੀ ਏਕੜ ਪੈਂਦਾ ਹੈ। ਉੱਪਰ ਦਿੱਤੀ ਤਕਨੀਕ ਦੇ ਬਦਲਦੇ ਰੂਪ ਵਿੱਚ ਪੀ.ਬੀ. ਨੈਟ/ ਪੀ.ਬੀ. ਰੋਪ ਤਕਨਾਲੋਜੀ ਦੀ ਵੀ ਸਿਫਾਰਸ਼ ਕੀਤੀ ਗਈ ਹੈ। ਗੁਲਾਬੀ ਸੁੰਡੀ ਦੇ ਫੀਰੋਮੋਨ ਗੋਸਿਪਲਊਜ਼ 4% (7, 11 ਹੈਕਸਾਡੇਕਾਡਾਈਨਾਇਲ) ਤੇਪੀ.ਬੀ. ਰੋਪ ਆਧਾਰਤ ਉਤਪਾਦ ਪੀ.ਬੀ. ਨੈਟ ਨੂੰ 25 ਹੈਕਟੇਅਰ ਖੇਤਰ ਦੇ ਬਲਾਕ ਵਿੱਚ ਫੁੱਲ-ਡੋਡੀ ਦੀ ਆਮਦ ’ਤੇ (ਬਿਜਾਈ ਤੋਂ 40 ਤੋਂ 50 ਦਿਨ ਦੇ ਵਕਫ਼ੇ ’ਤੇ) ਵਰਤੋਂ ਕਰੋ। ਲਗਾਉਣ ਦੀ ਵਿਧੀ ਅਨੁਸਾਰ ਪੀ.ਬੀ. ਨੈਟ ਦੀ ਤਾਰ ਨੂੰ ਨਰਮੇ ਦੇ ਪੌਦਿਆਂ ਦੀ ਉਪਰਲੀ ਛਤਰੀ ਅਤੇ ਬਾਹਰਲੇ ਬਲਾਕ ਦੀਆਂ ਸਰਹੱਦਾਂ ’ਤੇ ਇੱਕ ਮੀਟਰ ਦੀ ਦੂਰੀ ਬੰਨ੍ਹ ਦਿਓ, ਜਦਕਿ ਬਲਾਕ ਅੰਦਰ ਪੀ.ਬੀ. ਨੈਟ ਨੂੰ ਇੱਕ-ਦੂਜੇ ਤੋਂ ਪੰਜ ਮੀਟਰ ਦੀ ਦੂਰੀ ’ਤੇ ਬੰਨ੍ਹ ਦਿਓ। ਹਰ ਇੱਕ ਬਲਾਕ ਦੇ 35 ਹੈਕਟੇਅਰ ਖੇਤਰ ਵਿੱਚ 9875 ਖੇਤਰ ਤਾਰਾਂ ਨੂੰ ਨਰਮੇ ਦੇ ਪੌਦਿਆਂ ’ਤੇ ਬੰਨ੍ਹਣਾ ਚਾਹੀਦਾ ਹੈ। ਇਸ ਤਕਨੀਕ ਨਾਲ ਸਰਬੋਤਮ ਲਾਭ ਲੈਣ ਲਈ ਸਹੀ ਸਮੇਂ ਅਤੇ ਵੱਡੇ ਪੱਧਰ ’ਤੇ ਲਗਾਉਣਾ ਜ਼ਰੂਰੀ ਹੈ। ਇਸ ਤਕਨੀਕ ’ਤੇ ਮੀਂਹ ਦਾ ਕੋਈ ਅਸਰ ਨਹੀਂ ਪੈਂਦਾ। ਇਹ ਤਕਨੀਕ ਨਰਮੇ ਤੇ ਹੋਰ ਕੀੜੇ-ਮਕੌੜਿਆਂ ਦੇ ਪ੍ਰਬੰਧਨ ਲਈ ਕੀਟਨਾਸ਼ਕਾਂ ਦੀ ਵਰਤੋਂ ਦੀ ਆਗਿਆ ਦਿੰਦੀ ਹੈ। ਇਸ ਤਕਨੀਕ ਦਾ ਖ਼ਰਚ 3700 ਰੁਪਏ ਪ੍ਰਤੀ ਏਕੜ ਹੈ। ਲੇਬਰ ਚਾਰਜ ਸਮੇਤ ਇਸ ਤਕਨੀਕ ਦਾ ਕੁੱਲ ਖ਼ਰਚ 3850 ਰੁਪਏ ਪ੍ਰਤੀ ਏਕੜ ਹੈ।

**ਜਸਰੀਤ ਕੌਰ, ਜਸਜਿੰਦਰ ਕੌਰ, ਵਿਜੈ ਕੁਮਾਰ, -ਖੇਤਰੀ ਖੋਜ ਕੇਂਦਰ, ਬਠਿੰਡਾ**

# ਹੜ੍ਹਾਂ ਕਾਰਨ ਪੰਜਾਬ ਦੀ ਮਿੱਟੀ ਬਦਲੀ : ਡਾ. ਗੋਸਲ

★ ਪਹਾੜਾਂ ਤੋਂ ਰੁੜ੍ਹ ਕੇ ਆਈ ਮਿੱਟੀ ਖੇਤਾਂ ਵਿੱਚ ਜਮ੍ਹਾਂ ਹੋਈ

★ ਮਿੱਟੀ ਦੀ ਜਾਂਚ ਲਈ ਮੁਹਿੰਮ ਸ਼ੁਰੂ ਕਰੇਗੀ ਖੇਤੀਬਾੜੀ ਯੂਨੀਵਰਸਿਟੀ



ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਨੇ ਖੇਤਾਂ ਨੂੰ ਸਿਰਫ ਡੁਬੋਇਆ ਹੀ ਨਹੀਂ, ਸਗੋਂ ਉਨ੍ਹਾਂ ਨੂੰ ਬਦਲ ਵੀ ਦਿੱਤਾ ਹੈ। ਹਿਮਾਲਿਆਂ ਦੀਆਂ ਪਹਾੜੀਆਂ ਤੋਂ ਰੁੜ੍ਹ ਕੇ ਆਈ ਲਾਲ ਮਿੱਟੀ ਅਤੇ



ਗਾਰ ਖੇਤਾਂ ਦੇ ਵੱਡੇ ਹਿੱਸੇ ਵਿੱਚ ਫੈਲ ਗਈ ਹੈ। ਇਹ ਮਿੱਟੀ ਪੰਜਾਬ ਦੀ ਮਿੱਟੀ ਨਾਲ ਰਲ ਗਈ ਹੈ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ, ਪੌਸ਼ਟਿਕ ਤੱਤਾਂ ਦੇ ਸੰਤੁਲਨ ਅਤੇ ਭਵਿੱਖ ਦੀਆਂ ਫ਼ਸਲਾਂ ਦੀ ਪੈਦਾਵਾਰ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਦੱਸਿਆ ਕਿ ਮਿੱਟੀ ਵਿੱਚ ਆਏ ਇਸ ਬਦਲਾਅ ਦੇ ਫਾਇਦੇ ਅਤੇ ਨੁਕਸਾਨ ਦੋਵੇਂ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ, "ਪਹਾੜੀ ਲਾਲ ਮਿੱਟੀ ਖਣਿਜਾਂ ਨਾਲ ਭਰਪੂਰ ਹੁੰਦੀ ਹੈ ਅਤੇ ਪਹਾੜੀ ਖੇਤਰਾਂ ਵਿੱਚ ਫ਼ਸਲਾਂ ਲਈ ਵਧੀਆ ਹੁੰਦੀ ਹੈ। ਜੇ ਇਹ ਮਿੱਟੀ ਸਾਡੇ ਸੂਬੇ ਦੀ ਮਿੱਟੀ ਨਾਲ ਠੀਕ ਤਰ੍ਹਾਂ ਰਲ ਜਾਵੇ ਤਾਂ ਇਹ ਮਦਦਗਾਰ ਹੋ ਸਕਦੀ ਹੈ, ਪਰ ਸਾਨੂੰ ਇਸ ਦੀ ਚੰਗੀ ਤਰ੍ਹਾਂ ਜਾਂਚ ਕਰਨੀ ਹੋਵੇਗੀ।" ਪੀ. ਏ. ਯੂ. ਨੇ ਮਿੱਟੀ ਵਿੱਚ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਦੀ ਮਾਤਰਾ ਦੀ ਜਾਂਚ ਕਰਨ ਅਤੇ ਉਤਪਾਦਕਤਾ ਵਾਪਸ ਲਿਆਉਣ ਲਈਮ ਮੁਹਿੰਮ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ। ਡਾ. ਗੋਸਲ ਨੇ ਕਿਹਾ, "ਜੇ ਅਸੀਂ ਮਿੱਟੀ ਦਾ ਸਹੀ ਪ੍ਰਬੰਧਨ ਕਰੀਏ ਅਤੇ ਤੁਰੰਤ ਕਦਮ ਚੁੱਕੀਏ ਤਾਂ ਅਸੀਂ ਇਸ ਚੁਣੌਤੀ ਨੂੰ ਇੱਕ ਮੌਕੇ ਵਿੱਚ ਬਦਲ ਸਕਦੇ ਹਾਂ। ਪਹਾੜੀ ਮਿੱਟੀ ਸਬਜ਼ੀਆਂ ਅਤੇ ਫ਼ਸਲਾਂ ਲਈ ਚੰਗੀ ਹੁੰਦੀ ਹੈ, ਸਾਨੂੰ ਬਸ ਇਹ ਸਮਝਣਾ ਹੋਵੇਗਾ ਕਿ ਇਸ ਦੀ ਸਹੀ ਵਰਤੋਂ ਕਿਵੇਂ ਕੀਤੀ ਜਾਵੇ।" ਉਨ੍ਹਾਂ ਕਿਹਾ ਕਿ ਹੜ੍ਹਾਂ ਨਾਲ ਨਾ ਸਿਰਫ ਮੌਜੂਦਾ ਫ਼ਸਲ ਦਾ ਨੁਕਸਾਨ ਹੋਇਆ ਹੈ, ਬਲਕਿ ਅਗਲੀ ਫ਼ਸਲ ਨੂੰ ਵੀ ਨੁਕਸਾਨ ਪਹੁੰਚਿਆ ਹੈ। ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਪ੍ਰਭਾਵਿਤ ਪਿੰਡਾਂ ਵਿੱਚ ਨੁਕਸਾਨ ਦਾ ਜਾਇਜ਼ਾ ਲੈਣਗੇ ਅਤੇ ਅਗਲੀ ਫ਼ਸਲ ਲਈ ਕਣਕ ਦੇ ਬਹੁਤ ਘੱਟ ਕੀਮਤ 'ਤੇ ਦੇਣਗੇ। ਖਾਸ ਕਰਕੇ ਉਨ੍ਹਾਂ ਥਾਂਵਾਂ 'ਤੇ ਜਿੱਥੇ ਰੱਖੇ ਹੋਏ ਬੀਜ ਖਰਾਬ ਹੋ ਗਏ ਹਨ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ, "ਬਚੀਆਂ ਹੋਈਆਂ ਫ਼ਸਲਾਂ ਹੁਣ ਬਿਮਾਰੀਆਂ, ਕੀੜਿਆਂ ਅਤੇ ਪੌਸ਼ਟਿਕ ਤੱਤਾਂ ਦੀ ਕਮੀ ਕਾਰਨ ਕਮਜ਼ੋਰ ਹੋ ਗਈਆਂ ਹਨ। ਪੀ. ਏ. ਯੂ. ਨੇ ਇੱਕ ਫ਼ਸਲ ਐਮਰਜੈਂਸੀ ਯੋਜਨਾ ਸ਼ੁਰੂ ਕੀਤੀ ਹੈ ਅਤੇ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਫ਼ਸਲ ਮਾਹਿਰਾਂ ਦੇ ਸੰਪਰਕ ਨੰਬਰ ਵੀ ਸਾਂਝੇ ਕੀਹਤੇ ਹਨ।" ਉਨ੍ਹਾਂ ਕਿਹਾ ਕਿ, "ਇਹ ਸਿਰਫ ਇੱਕ ਮੌਸਮ ਦਾ ਨੁਕਸਾਨ ਨਹੀਂ ਹੈ, ਬਲਕਿ ਇਹ ਪੂਰੇ ਖੇਤੀ ਚੱਕਰ ਵਿੱਚ ਇੱਕ ਵੱਡੀ ਰੁਕਾਵਟ ਹੈ।"


ਖੇਤੀ ਦੁਨੀਆਂ

ਚੰਦਿਆਂ 'ਤੇ ਵਿਸ਼ੇਸ਼ ਛੂਟ

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਇਹ ਸਕੀਮ 30 ਸਤੰਬਰ, 2025 ਤੱਕ ਹੈ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in

E-mail : khetiduniyan1983@gmail.com


## ਝੋਨੇ ਦੀ ਚੰਗੀ ਪੈਦਾਵਾਰ ਲਈ ਨੁਕਤੇ

ਵੱਖ-ਵੱਖ ਤਰੀਕਾਂ ਉੱਪਰ ਲੱਗੇ ਝੋਨੇ ਦੀਆਂ ਵੱਖ-ਵੱਖ ਕਿਸਮਾਂ ਹੁਣ ਤਕਰੀਬਨ ਗੋਭ ਅਵਸਥਾ ਵਿੱਚ ਹਨ। ਇਹ ਅਵਸਥਾ ਝੋਨੇ ਵਿੱਚ ਫੋਕ ਘਟਾਉਣ ਲਈ ਵਰਤੀ ਜਾਣ ਵਾਲੀ ਪੋਟਾਸ਼ੀਅਮ ਨਾਈਟ੍ਰੇਟ ਦੀ ਵਰਤੋਂ ਅਤੇ ਝੂਠੀ ਕਾਂਗਿਆਰੀ ਰੋਕਣ ਲਈ ਵਰਤੀਆਂ ਜਾਣ ਵਾਲੀਆਂ ਉੱਲੀਨਾਸ਼ਕਾਂ ਤੋਂ ਚੰਗਾ ਅਸਰ ਲੈਣ ਲਈ ਸਪਰੇਅ ਕਰਨ ਦੀ ਢੁੱਕਵੀਂ ਅਵਸਥਾ ਹੈ। ਇਸ ਅਵਸਥਾ ਤੋਂ ਬਾਅਦ ਸਪਰੇਅ ਦਾ ਬਹੁਤਾ ਅਸਰ ਨਹੀਂ ਆਉਂਦਾ। ਇਸ ਲਈ ਆਪਣੀ ਫ਼ਸਲ ਦੀ ਅਵਸਥਾ ਮੁਤਾਬਿਕ ਹੇਠ ਲਿਖੇ ਅਨੁਸਾਰ ਸਪਰੇਅ ਕਰਕੇ ਝੋਨੇ ਦੀ ਚੰਗੀ ਪੈਦਾਵਾਰ ਲਈ ਜਾ ਸਕਦੀ ਹੈ।



1. ਝੋਨੇ ਵਿੱਚ ਫੋਕ ਘਟਾਉਣ ਲਈ ਜਦੋਂ ਝੋਨਾ ਗੋਭ ਵਿੱਚ ਹੋਵੇ ਤਾਂ 1.5% ਪੋਟਾਸ਼ੀਅਮ ਨਾਈਟ੍ਰੇਟ (3 ਕਿਲੋ ਪੋਟਾਸ਼ੀਅਮ ਨਾਈਟ੍ਰੇਟ 200 ਲਿਟਰ ਪਾਣੀ ਵਿੱਚ ਪ੍ਰਤੀ ਏਕੜ) ਦਾ ਛਿੜਕਾਅ ਕਰੋ।

★ ਜਾਂ ਇਹ ਕਹਿ ਸਕਦੇ ਹਾਂ ਕਿ ਜੇਕਰ 16 ਲੀਟਰ ਵਾਲੀਆਂ ਢੋਲੀਆਂ ਨਾਲ ਛਿੜਕਾਅ ਕਰ ਰਹੇ ਹੋ ਤਾਂ 3 ਕਿਲੋ ਪੋਟਾਸ਼ੀਅਮ ਨਾਈਟ੍ਰੇਟ ਨੂੰ 13 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਢੋਲੀ 1 ਲੀਟਰ ਘੋਲ ਪਾ ਕੇ ਛਿੜਕਾਅ ਕਰੋ।

★ ਜੇਕਰ 25 ਲੀਟਰ ਵਾਲੀਆਂ ਢੋਲੀਆਂ ਨਾਲ ਛਿੜਕਾਅ ਕਰ ਰਹੇ ਹੋ ਤਾਂ 3 ਕਿਲੋ ਪੋਟਾਸ਼ੀਅਮ ਨਾਈਟ੍ਰੇਟ ਨੂੰ 8 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਢੋਲੀ 1 ਲੀਟਰ ਘੋਲ ਪਾ ਕੇ ਛਿੜਕਾਅ ਕਰੋ।

★ ਖਿਆਲ ਰਹੇ ਕਿ 3 ਕਿਲੋ ਪੋਟੀਸ਼ੀਅਮ ਨਾਈਟ੍ਰੇਟ ਨੂੰ ਘੋਲਣ ਵਾਸਤੇ ਪਹਿਲਾਂ 3-4 ਲੀਟਰ ਪਾਣੀ ਪਾਉ ਅਤੇ ਬਾਅਦ ਵਿੱਚ ਹੌਲੀ-ਹੌਲੀ ਹੋਰ ਪਾਣੀ ਪਾ ਕੇ ਘੋਲੋ। ਇੱਕੋ ਵਾਰ ਜ਼ਿਆਦਾ ਪਾਣੀ ਵਿੱਚ ਘੋਲਣ ਨਾਲ ਕਈ ਵਾਰ ਪੋਟਾਸ਼ੀਅਮ ਨਾਈਟ੍ਰੇਟ ਸਹੀ ਨਹੀਂ ਘੁਲਦਾ।

2. **ਝੂਠੀ ਕਾਂਗਿਆਰੀ (ਹਲਦੀ ਰੋਗ)** : ਬਿਮਾਰੀ ਨਾਲ ਮੁੰਜਰਾਂ ਵਿੱਚ ਦਾਣੇ ਬਣਨ ਸਮੇਂ ਕੁਝ ਦਾਣਿਆਂ ਦੀ ਥਾਂ ਤੇ ਪੀਲੇ ਰੰਗ ਦੀਆਂ ਗੋਲੀਆਂ ਬਣ ਜਾਂਦੀਆਂ ਹਨ। ਇਸ ਬਿਮਾਰੀ ਦਾ ਹਮਲਾ ਬੂਟਿਆਂ ਵਿੱਚ ਗੋਭ ਬਣਨ ਦੇ ਸਮੇਂ ਤੋਂ ਫੁੱਲ ਪੈਣ ਦੇ ਸਮੇਂ ਵਿਚਕਾਰ ਹੁੰਦਾ ਹੈ। ਫੁੱਲ ਪੈਣ ਸਮੇਂ ਹਵਾ ਵਿੱਚ ਵਧੇਰੇ ਨਮੀਂ ਦੀ ਮਾਤਰਾ, ਬੱਦਲਵਾਈ ਅਤੇ ਹਲਕੀ ਬਾਰਿਸ਼, ਇਸ ਬਿਮਾਰੀ ਲਈ ਬਹੁਤ ਅਨੁਕੂਲ ਹਾਲਾਤ ਹਨ। ਜਿਨ੍ਹਾਂ ਕਿਸਾਨਾਂ ਦੀ ਫ਼ਸਲ ਇਸ ਸਮੇਂ ਗੋਭ ਵਿੱਚ ਆ ਚੁੱਕੀ ਹੈ, ਉਨ੍ਹਾਂ ਨੂੰ 400 ਮਿਲੀਲਿਟਰ ਗਿਲੀਲਓ ਵੇਅ 18.76 ਐਸ ਸੀ (ਪਿਕੋਕਸੀਸਟ੍ਰਿਬੋਨ + ਪ੍ਰੋਪੀਕੋਨਾਜ਼ੋਲ) ਜਾਂ 500 ਗ੍ਰਾਮ ਕੋਸਾਈਡ 46 ਡੀ ਐਫ਼ (ਕਾਪਰ ਹਾਈਡਰੋਆਕਸਾਈਡ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰ ਲੈਣਾ ਚਾਹੀਦਾ ਹੈ। ਆਮ ਤੌਰ ਤੇ ਕਿਸਾਨ ਉੱਲੀਨਾਸ਼ਕਾਂ ਦਾ ਛਿੜਕਾਅ ਬਿਮਾਰੀ ਖੇਤਾਂ ਵਿੱਚ ਨਜ਼ਰ ਆਉਣ ਸਮੇਂ ਕਰਦੇ ਹਨ ਜੋ ਇਸ ਨੂੰ ਰੋਕਣ ਵਿੱਚ ਸਹਾਈ ਨਹੀਂ ਹੁੰਦੇ।

**ਬੂਟਾ ਸਿੰਘ ਢਿੱਲੋਂ ਅਤੇ ਰਣਵੀਰ ਸਿੰਘ ਗਿੱਲ, ਪਲਾਂਟ ਬਰੀਡਿੰਗ ਅਤੇ ਜੈਨੇਟਿਕ** (ਮੋ. 81461-00360)


BEW

KSA

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

4 IN 1 COMBO

BEW ਸੁਪਰ ਸੀਡਰ



• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਊਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ

TOLL FREE NUMBER 1800-120-004455

• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS FARM CORPORATION PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co